ਹਮੇਸ਼ਾ ਹੀ ਰਾਜਨੀਤੀ ਦੀ ਪਾਵਰ ਹਾਸਲ ਕਰਨ ਤੋਂ ਬਾਅਦ , ਤੇ ਪਾਵਰ ਪ੍ਰਾਪਤ ਕਰਨ ਤੋਂ ਪਹਿਲਾਂ ਵਾਲੇ ਰਾਜਨੀਤਿਕ ਲੀਡਰਾਂ ਦੇ ਵਿਚਾਰ ਆਪਸ ਵਿੱਚ ਜ਼ਿਆਦਾ ਤਰ ਮੇਲ ਨਹੀਂ ਖਾਂਦੇ ।ਬੰਦੀ ਸਿੰਘਾਂ ਦੀ ਰਿਹਾਈ ਲਈ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਵਿੱਚ ਸੰਘਰਸ਼ ਚੱਲ ਰਹੇ ਹਨ ।2013 ਦੇ ਵਿੱਚ ਭਾਈ ਗੁਰਬਖ਼ਸ਼ ਸਿੰਘ ਖਾਲਸਾ ਨੇ ਵੀ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਸੰਘਰਸ਼ ਦੀ ਸ਼ੁਰੂਆਤ ਕੀਤੀ ਸੀ ਜਿਸ ਵਿੱਚ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਹਾਜ਼ਰੀ ਭਰਨ ਪਹੁੰਚੇ ਸਨ ।ਉਥੇ ਪਹੁੰਚ ਕੇ ਕਈ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਕੀਤੀ ਸੀ ।ਜ਼ਿਕਰ ਯੋਗ ਹੈ ਕਿ ਉਸ ਵੇਲੇ ਭਗਵੰਤ ਸਿੰਘ ਮਾਨ ਰਾਜਨੀਤੀਕ ਤੋਰ ਤੇ ਕਿਸੇ ਅਧਿਕਾਰਿਤ ਪਾਵਰ ਵਿੱਚ ਨਹੀਂ ਸਨ ।ਪਰ ਹੁਣ ਜਦੋਂ ਭਗਵੰਤ ਸਿੰਘ ਮਾਨ ਖੁਦ ਪੰਜਾਬ ਦੇ ਮੁੱਖ ਮੰਤਰੀ ਬਣ ਗਏ ਹਨ । ਤਾਂ ਪੁਰਾਣੇ ਬੰਦੀ ਸਿੰਘਾਂ ਨੂੰ ਰਿਹਾਅ ਤਾਂ ਕਰਾਉਣ ਦੀ ਗੱਲ ਦੂਰ ਕੀਤੇ ਜਿਸ ਦਾ ਉਹਨਾਂ ਵੱਲੋਂ ਕੋਈ ਜ਼ਿਕਰ ਨਹੀਂ ।ਪਰ ਆਪਣੇ ਹੱਥੀ ਪੰਜਾਬ ਦੀ ਸਿੱਖ ਨੌਜਵਾਨੀ ਨੂੰ ਬੰਦੀ ਬਣਾ ਕੇ ਡਿਬਰੂਗੜ ਜਰੂਰ ਭੇਜਿਆ ਹੈ । ਇਤਿਹਾਸ ਵਿੱਚ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਸਿੰਘਾਂ ਡਿਗਰੂਗੜ ਭੇਜਣਾ ਪਾਰਟੀ ਦੇ ਮੱਥੇ ਤੇ ਕਲੰਕ ਵਜੋਂ ਯਾਦ ਕੀਤਾ ਜਾਵੇਗਾ ।

**-ਪਰਗਟ ਸਿੰਘ ਬਲ਼ਬੇੜ੍ਹਾ, 9022000070**

## (ਮਿੰਨੀ ਕਹਾਣੀ) ਛੋਟਾ



**ਬਚਪਨ** ਤੋ ਹੀ ਸ਼ੁੱਭਮ ਦਾ ਆਪਣੇ ਪਿਤਾ ਜੀ ਨਾਲ ਬਹੁਤ ਪਿਆਰ ਸੀ। ਪਿਤਾ ਜੀ ਵੀ ਆਪਣੇ ਬੇਟੇ ਦੀ ਹਰ ਪਸੰਦ ਨਾ ਜਾਂ ਪਸੰਦ ਅਤੇ ਹਰ ਇੱਛਾ ਦਾ ਪੂਰਾ ਖਿਆਲ ਰੱਖਦੇ। ਦੁਨੀਆ ਦੇ ਸੱਤ ਅਜੂਬਿਆਂ ਤੋ ਬਾਅਦ ਸ਼ਹਿਰ ਦੇ ਲੋਕ ਉਹਨਾਂ ਦੇ ਇੱਕ ਦੂਜੇ ਪ੍ਰਤੀ ਸਮਰਪਣ ਦੀਆਂ ਮਿਸਾਲਾਂ ਦਿੰਦੇ। ਸਮਾਂ ਬੀਤਦਾ ਗਿਆ ਸ਼ੁੱਭਮ ਬਾਰਾਂ ਕੁ ਵਰਿਆ ਦਾ ਹੋ ਗਿਆ। ਜੂਨ ਦਾ ਮਹੀਨਾ ਸੀ। ਸਕੂਲਾਂ ਵਿੱਚ ਬੱਚਿਆਂ ਨੂੰ ਛੁੱਟੀਆਂ ਸਨ। ਜਿਸ ਕਰਕੇ ਸ਼ੁੱਭਮ ਸਵੇਰੇ ਦੇਰੀ ਨਾਲ ਹੀ ਉਠਦਾ, ਪਿਤਾ ਜੀ ਨੂੰ ਸ਼ੁੱਭਮ ਦੀ ਇਹ ਆਦਤ ਚੰਗੀ ਨਹੀ ਸੀ ਲੱਗਦੀ। ਛੋਟੇ ਹੁੰਦਿਆਂ ਉਹ ਸੁੱਤੇ ਪਏ ਸ਼ੁਭਮ ਨੂੰ ਘੰਟਿਆਂ ਬੱਧੀ ਨਿਹਾਰਦੇ ਰਹਿੰਦੇ। ਜਦੋ ਵੀ ਪਿਤਾ ਜੀ ਉਸ ਨੂੰ ਸਵੇਰੇ ਜਗਾਉਂਦੇ ਤਾਂ ਉਹ ਕਹਿੰਦੇ ਹੁਣ ਤੂੰ ਵੱਡਾ ਹੋ ਗਿਆਂ ਏ, ਸਵੇਰੇ ਜਲਦੀ ਉੱਠਿਆ ਕਰ, ਘਰ ਦੇ ਕੰਮਾਂ ਵਿੱਚ ਮੇਰਾ ਹੱਥ ਵਟਾਇਆ ਕਰ। ਇਕ ਦਿਨ ਪਿਤਾ ਜੀ ਸਕੂਟਰ 'ਤੇ ਬਜਾਰੋਂ ਘਰ ਆਏ ਤਾ ਸ਼ੁੱਭਮ ਨੇ ਜਿੱਦ ਕੀਤੀ ਕਿ ਪਿਤਾ ਜੀ ਉਸਨੂੰ ਸਕੂਟਰ ਚਲਾਉਣਾ ਸਿਖਾਉਣ ਤਾਂ ਪਿਤਾ ਜੀ ਨੇ ਉਸ ਨੂੰ ਕਿਹਾ ਹਾਲੇ ਉਹ ਛੋਟਾ ਹੈ। ਤਾਂ ਸ਼ੁੱਭਮ ਨੇ ਪਿਤਾ ਜੀ ਨੂੰ ਪੁੱਛਿਆ ਕਿ ਸਵੇਰੇ ਤਾਂ ਉਹ ਕਹੀ ਜਾ ਰਹੇ ਸੀ ਕਿ ਮੈਂ ਵੱਡਾ ਹੋ ਗਿਆ ਹਾਂ। ਸ਼ਾਇਦ ਸ਼ੁੱਭਮ ਨਹੀ ਸੀ ਜਾਣਦਾ ਕਿ ਬੱਚੇ ਮਾਪਿਆਂ ਲਈ ਹਮੇਸ਼ਾਂ ਛੋਟੇ ਹੀ ਰਹਿੰਦੇ ਨੇ ਭਾਵੇ ਉਹ ਕਿੰਨੇ ਵੀ ਵੱਡੇ ਕਿਉਂ ਨਾ ਹੋ ਜਾਣ।

**-ਲੋਕੇਸ਼ ਮਾਨਸਾ, ਸੰਪਰਕ ਨੰ: 9463177177**

## ਸੈਂਟਰਲ ਯੂਨੀਵਰਸਿਟੀ ਘੁੱਦਾ ਦੇ ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਵੋਟ ਪਾਉਣ ਲਈ ਡੀ.ਸੀ ਬਠਿੰਡਾ ਨੇ ਕੀਤਾ ਜਾਗਰੂਕ



ਬਠਿੰਡਾ, 10 ਮਈ (ਗੁਰਜੰਟ ਸਿੰਘ ਨਥੇਹਾ)- ਸ੍ਰ. ਜਸਪ੍ਰੀਤ ਸਿੰਘ ਡਿਪਟੀ ਕਮਿਸ਼ਨਰ ਬਠਿੰਡਾ ਵੱਲੋਂ ਹਲਕੇ ਦੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਸਮੇਂ-ਸਮੇਂ 'ਤੇ ਬਹੁਤ ਸਾਰੇ ਪ੍ਰੋਗਰਾਮ ਕਰਵਾਉਂਦੇ ਰਹਿੰਦੇ ਹਨ। ਇਸੇ ਹੀ ਲੜੀ ਤਹਿਤ ਅੱਜ ਸੈਂਟਰਲ ਯੂਨੀਵਰਸਿਟੀ ਘੁੱਦਾ ਵਿਖੇ ਵੋਟਰਜ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਉਹਨਾਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡੀ.ਸੀ. ਸਾਹਿਬ ਸ੍ਰ. ਜਸਪ੍ਰੀਤ ਸਿੰਘ ਨੇ ਸੈਂਟਰਲ ਯੂਨੀਵਰਸਿਟੀ ਘੁੱਦਾ ਦੇ ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਵੱਧ ਤੋਂ ਵੱਧ ਮਤਦਾਨ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਸਮੇਂ ਸੈਂਟਰਲ ਯੂਨੀਵਰਸਿਟੀ ਘੁੱਦਾ ਦੇ ਕੈਂਪਸ ਦੇ ਸਾਰੇ ਕਰਮਚਾਰੀ ਅਤੇ ਵੱਖ-ਵੱਖ ਕੋਰਸਾਂ ਦੀ ਪੜ੍ਹਾਈ ਕਰ ਰਹੇ ਬਹੁਤ ਸਾਰੇ ਵਿਦਿਆਰਥੀ ਵੀ ਹਾਜ਼ਰ ਸਨ। ਉਹਨਾਂ ਨੇ ਸੰਬੋਧਨ ਕਰਦੇ ਹੋਏ ਈ.ਵੀ.ਐਮ, ਪੋਸਟ ਬੈਲਟ ਪੇਪਰ, ਭਰੇ ਜਾਣ ਵਾਲੇ ਫਾਰਮਾਂ, ਟੋਲ ਫਰੀ ਨੰਬਰ 1950 ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਮਤਦਾਨ ਵਿੱਚ ਵੋਟਰਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਜਿਲੇ ਦੀਆਂ ਸਵੀਪ ਟੀਮਾਂ ਦੁਆਰਾ ਵੋਟਰਾਂ ਨੂੰ ਜਾਗਰੂਕ ਕਰਨ ਲਈ ਬਹੁਤ ਸਾਰੇ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਆਪਣੇ ਮਤਦਾਨ ਦੇ ਅਧਿਕਾਰ ਦੀ ਵਰਤੋਂ ਜਰੂਰ ਕਰੀਏ। ਉਹਨਾਂ ਅੱਗੇ ਦੱਸਿਆ ਕਿ ਪਿਛਲੀਆਂ ਚੋਣਾਂ ਦੇ ਮੁਕਾਬਲੇ ਅਸੀਂ ਇਸ ਵਾਰ ਮਤਦਾਨ ਵੱਧ ਤੋਂ ਵੱਧ ਕਰਨਾ ਹੈ। ਸਾਡੇ ਹਲਕੇ ਦੀ ਮਤਦਾਨ ਪ੍ਰਤੀਸ਼ਤਾ ਇਸ ਵਾਰ 70% ਦੀ ਜਰੂਰ ਹੋਣੀ ਚਾਹੀਦੀ ਹੈ। ਇਹੀ ਅਪੀਲ ਤੁਹਾਨੂੰ ਸਾਰਿਆਂ ਨੂੰ ਇੱਥੇ ਮੈਂ ਕਰਨ ਆਇਆ ਹਾਂ। ਪ੍ਰੋਗਰਾਮ ਦੇ ਅਖੀਰ ਵਿੱਚ ਵਾਈਸ ਚਾਂਸਲਰ ਕੇਂਦਰੀ ਯੂਨੀਵਰਸਿਟੀ ਘੁੱਦਾ ਨੇ ਡੀ.ਸੀ. ਸਾਹਿਬ ਬਠਿੰਡਾ ਦੁਆਰਾ ਕਰਵਾਏ ਗਏ ਪ੍ਰੋਗਰਾਮ ਲਈ ਧੰਨਵਾਦ ਕੀਤਾ, ਉੱਥੇ ਵਿਸ਼ਵਾਸ ਵੀ ਦਵਾਇਆ ਕਿ ਯੂਨੀਵਰਸਿਟੀ ਘੁੱਦਾ ਦੇ ਸਾਰੇ ਕਰਮਚਾਰੀ ਅਤੇ ਵਿਦਿਆਰਥੀ ਆਪਣੇ ਮੱਤ ਅਧਿਕਾਰ ਦੀ ਵਰਤੋਂ ਜਰੂਰ ਕਰਨਗੇ। ਇਸ ਸਮੇਂ 093 ਦਿਹਾਤੀ ਬਠਿੰਡਾ ਦੇ ਮਾਸਟਰ ਟ੍ਰੇਨਰਜ ਸ੍ਰ. ਅਮਰਦੀਪ ਸਿੰਘ ਅਤੇ ਮਾਸਟਰ ਮੋਤੀ ਰਾਮ ਦੁਆਰਾ ਪ੍ਰੋਗਰਾਮ ਵਿੱਚ ਦੋ ਈ.ਵੀ.ਐਮ. ਮਸ਼ੀਨਾਂ ਵੀ ਪ੍ਰਦਰਸ਼ਨ ਕੀਤੀਆਂ ਗਈਆਂ ਇਹਨਾਂ ਮਸ਼ੀਨਾਂ ਤੇ ਵਿਦਿਆਰਥੀਆਂ ਅਤੇ ਕਰਮਚਾਰੀਆਂ ਦੁਆਰਾ ਮਤਦਾਨ ਦੀ ਪ੍ਰਕਿਰਿਆ ਨੂੰ ਬਹੁਤ ਉਤਸਾਹਿਤ ਹੋ ਕੇ ਵੇਖਿਆ ਗਿਆ। ਇਸ ਸਮੇਂ ਵਿਦਿਆਰਥੀਆਂ ਤੇ ਕਰਮਚਾਰੀਆਂ ਨੇ ਮਤਦਾਨ ਦੀ ਪ੍ਰਕਿਰਿਆ ਬਾਰੇ ਭਰਪੂਰ ਜਾਣਕਾਰੀ ਵੀ ਹਾਸਿਲ ਕੀਤੀ। ਇਸ ਪ੍ਰੋਗਰਾਮ ਵਿੱਚ ਯੂਨੀਵਰਸਿਟੀ ਘੁੱਦਾ ਦੇ ਕਰਮਚਾਰੀਆਂ ਤੋਂ ਇਲਾਵਾ ਪਿੰਡ ਘੁੱਦਾ ਦੇ ਮੋਹਤਬਰ, ਗੁਰਦੁਆਰਾ ਕਮੇਟੀ ਅਤੇ ਪਿੰਡ ਦੀਆਂ ਵੱਖ-ਵੱਖ ਕਮੇਟੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰ ਸਾਹਿਬਾਨ ਵੀ ਹਾਜ਼ਰ ਸਨ।

### ਸ: ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਦੇ

# ਸੀਨੀਅਰ ਮੀਤ ਪ੍ਰਧਾਨ ਅੰਗਰੇਜ਼ ਸਿੰਘ ਫੌਜੀ ਨੂੰ ਸਦਮਾ

**ਫ਼ਿਰੋਜ਼ਪੁਰ, 10 ਮਈ (ਮਨੋਹਰ ਲਾਲ) :—** ਸ: ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਫ਼ਿਰੋਜ਼ਪੁਰ ਅੰਗਰੇਜ਼ ਸਿੰਘ ਫੌਜੀ ਨੂੰ ਉਸ ਸਮੇਂ ਗਹਿਰਾ ਸਦਕਾ ਲੱਗਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ: ਸੁਰਜੀਤ ਸਿੰਘ ਕਲਸੀ 6 ਮਈ ਨੂੰ ਆਪਣੀ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਵਾਹਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਇਸ ਮੌਕੇ ਤੇ ਅੰਗਰੇਜ਼ ਸਿੰਘ ਫੌਜੀ ਨਾਲ ਵੱਖ—ਵੱਖ



ਜਥੇਬੰਦੀਆਂ ਦੇ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਤੇ ਸ: ਜੱਸਾ ਸਿੰਘ ਰਾਮਗੜ੍ਹੀਆ ਦੇ ਕੌਮੀ ਪ੍ਰਧਾਨ ਮਨਜੀਤ ਸਿੰਘ ਔਲਖ, ਚੇਅਰਮੈਨ ਭਗਵਾਨ ਸਿੰਘ ਦੜਿਆਲਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ, ਨੇ ਫੌਜੀ ਅੰਗਰੇਜ਼ ਸਿੰਘ ਕਲਸੀ ਅਤੇ ਰਤਨ ਸਿੰਘ ਕਲਸੀ, ਮੇਹਰ ਸਿੰਘ ਕਲਸੀ ਕਨੇਡਾ ਵਾਲੇ ਨਾਲ ਦੁੱਖ ਪ੍ਰਗਟ ਕੀਤਾ। ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਅਤੇ ਅੰਤਿਮ ਅਰਦਾਸ 15 ਮਈ ਦਿਨ ਬੁੱਧਵਾਰ ਨੂੰ 12 ਵਜੇ ਤੋਂ ਇਕ ਵਜੇ ਤੱਕ ਉਨ੍ਹਾਂ ਦੇ ਨਿਵਾਸ ਅਸਥਾਨ ਗੁਰਦੁਆਰਾ ਧੰਨ—ਧੰਨ ਬਾਬਾ ਬੀਰ ਸਿੰਘ ਜੀ ਪਿੰਡ ਮੁਠਿਆਂ ਵਾਲਾ (ਕਾਮਲ ਵਾਲਾ) ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਪਾਇਆ ਜਾਵੇਗਾ।

### ਮੌਸਮੀ ਬਿਮਾਰੀਆਂ, ਟਾਈਫਾਈਡ, ਡੇਂਗੂ ਬੁਖਾਰ ਤੇ

# ਵਿਸ਼ਵ ਏਡਜ ਦਿਵਸ ਮਨਾਇਆ—ਪੀ.ਸੀ ਕੁਮਾਰ

ਫ਼ਿਰੋਜ਼ਪੁਰ, 10 ਮਈ (ਮਨੋਹਰ ਲਾਲ) :— ਵੱਖ—ਵੱਖ ਸਰਕਾਰੀ, ਅਰਧ ਸਰਕਾਰੀ, ਪ੍ਰਾਈਵੇਟ, ਹਾਈ ਸਰਕਾਰੀ ਪ੍ਰਾਇਮਰੀ ਸਕੂਲਾਂ ਰਾਮੇ ਵਾਲੇ ਆਦਿ ਵਿਖੇ ਅੱਜ ਮੌਸਮੀ ਬਿਮਾਰੀਆਂ, ਮਲੇਰੀਆ, ਡੇਂਗੂ ਬੁਖਾਰ ਨਾਲ ਹੀ ਵਿਸ਼ਵ ਏਡਜ ਦਿਵਸ ਮਨਾਇਆ ਗਿਆ। ਜਿਸ ਵਿਚ ਸ੍ਰੀ ਪੀ.ਸੀ ਕੁਮਾਰ ਐਨ.ਜੀ.ਓ ਪ੍ਰਧਾਨ ਸੇਵਾ ਮੁੱਕਤ ਮੀਡੀਆ ਅਫਸਰ, ਸਿਹਤ ਵਿਭਾਗ ਸੀਨੀਅਰ ਸਿਟੀਜਨ, ਸਮਾਜ ਸੁਧਾਰਕ ਪਹਿਲਾਂ ਦੀ ਤਰ੍ਹਾਂ ਅੱਜ ਵੀ ਸਕੂਲ ਵਿਚ ਪੁੱਜੇ, ਜਿਨ੍ਹਾਂ ਨੇ ਜਿਥੇ ਬੱਚਿਆਂ ਨੂੰ ਨੈਤਿਕਤਾ ਦਾ ਪਾਠ ਪੜਾਇਆ, ਉੱਚਾ—ਸੁੱਚਾ ਪਵਿੱਤਰ ਜੀਵਨ ਜਿਉਣ ਦੇ ਗੁਣ ਦੱਸੇ, ਘਰ ਵਿਚ, ਸਕੂਲ ਵਿਚ, ਸਮਾਜ ਵਿਚ, ਦੇਸ਼ ਭਗਤੀ ਦਾ ਪਾਠ ਪੜਾਇਆ। ਇਸ ਮੌਕੇ ਨੈਸ਼ਨਲ ਅਤੇ ਇੰਟਰ ਨੈਸ਼ਨਲ ਦਿਨ ਪਹਿਲਾਂ ਵੀ ਮਨਾਉਂਦੇ ਆ ਰਹੇ ਹਨ, ਅੱਜ ਵਰਲਡ ਏਡਜ, ਰੈਡ ਕਰਾਸ ਡੇਅ ਤੇ ਬੱਚਿਆਂ ਨੂੰ ਉਨ੍ਹਾਂ ਦੇ ਮੁਤਾਬਿਕ ਉਹ ਗੱਲਾਂ



ਜਿਹੜੀਆਂ ਉਨ੍ਹਾਂ ਦੇ ਅਮਲ ਵਿਚ ਲਿਆਉਣ ਵਾਲੀਆਂ ਨੇ ਏਡਜ ਸਬੰਧੀ ਜਾਣਕਾਰੀ ਦਿੱਤੀ। ਸਭ ਤੋਂ ਅਹਿਮ ਗੱਲ ਤਨ, ਮਨ, ਆਲਾ, ਦੁਆਲਾ ਸਾਫ ਰੱਖਣ, ਸਾਰੀਆਂ ਬਿਮਾਰੀਆਂ ਦਾ ਇਕੋ ਇਕ ਹੱਲ ਸਫਾਈ, ਆਖਿਰ ਵਿਚ ਅਧਿਆਪਕਾਂ ਅਤੇ ਬੱਚਿਆਂ ਨੇ ਹੱਥ ਖੜ੍ਹੇ ਕਰਕੇ ਪ੍ਰਣ ਲਿਆ ਕਿ ਅਸੀਂ ਆਪ ਸੁਧਰਾਂਗੇ ਅਤੇ ਪਰਿਵਾਰ, ਸਕੂਲ, ਸਮਾਜ, ਦੇਸ਼ ਨੂੰ ਸੁਧਾਰਨ ਦਾ ਪ੍ਰਣ ਕਰਦੇ ਹਾਂ। ਸ਼ਹੀਦਾਂ ਅਤੇ ਮਹਾਂ ਪੁਰਖਾਂ ਦੇ ਜੀਵਨ ਨੂੰ ਅਮਲ ਵਿਚ ਲਿਆ ਕੇ ਚੰਗੇ ਇਨਸਾਫ ਬਣਨ ਦਾ ਪ੍ਰਣ ਲੈਂਦੇ ਹਾਂ। ਇਸ ਮੌਕੇ ਸਕੂਲ ਅਧਿਆਪਕਾ ਕੰਵਲਜੀਤ ਕੌਰ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਕਿਸੇ ਵੀ ਦੇਸ਼ ਦੀ ਤਰੱਕੀ, ਉਨਤੀ ਲਈ ਨੌਜਵਾਨੀ ਦਾ ਯੋਗਦਾਨ ਅਹਿਮ ਹੁੰਦਾ ਹੈ ਅਤੇ ਜੇਕਰ ਸਾਡੀ ਨੌਜਵਾਨੀ ਸਹੀ ਰਸਤੇ ਪਰ ਚੱਲੇਗੀ ਤਾਂ ਦੇਸ਼ ਖੁਦ—ਬ—ਖੁਦ ਤਰੱਕੀ ਦੀਆਂ ਰਾਹਾਂ ਤੇ ਹੋਵੇਗਾ।

### ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ

# ਵਿਦਿਆਰਥੀਆਂ ਨੇ ਮਨਾਇਆ ਪੀਲੇ ਰੰਗ ਦਾ ਦਿਨ

ਫ਼ਿਰੋਜ਼ਪੁਰ, 10 ਮਈ (ਮਨੋਹਰ ਲਾਲ) :— ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਨਰਸਰੀ ਕਲਾਸ ਦੇ ਵਿਦਿਆਰਥੀਆਂ ਵੱਲੋਂ ਪੀਲੇ ਰੰਗ ਦਾ ਦਿਨ ਮਨਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਪੀਲੇ ਰੰਗ ਦੇ ਫਰੂਟ ਪੀਲੇ ਰੰਗ ਦੀਆਂ



ਸਬਜ਼ੀਆਂ ਅਤੇ ਪੀਲੇ ਰੰਗ ਦੀਆਂ ਪੁਸ਼ਾਕਾਂ ਪਹਿਨ ਕੇ ਪ੍ਰਦਰਸ਼ਨ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਨੇ ਬੱਚਿਆਂ ਦੀ ਸ਼ਲਾਘਾ ਕਰਦਾ ਕਿਹਾ ਕਿ ਬੱਚਿਆਂ ਦੇ ਵਿੱਚ ਉਤਸ਼ਾਹ ਬਹੁਤ ਜਿਆਦਾ ਹੈ ਅਤੇ ਬੱਚਿਆਂ ਨੂੰ ਸਿਖਾਉਣ ਲਈ ਇਹ ਤਰੀਕੇ ਬਹੁਤ ਵਧੀਆ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਰੰਗਾਂ ਦੀ ਪਹਿਚਾਣ ਪ੍ਰੈਕਟੀਕਲ ਤਰੀਕੇ ਨਾਲ ਹੁੰਦੀ ਹੈ ਅਤੇ ਜਾਣਕਾਰੀ ਵਿੱਚ ਵਾਧਾ ਹੁੰਦਾ ਹੈ। ਇਸ ਮੌਕੇ ਮਾਸਟਰ ਬਲਰਾਜ ਸਿੰਘ, ਮੈਡਮ ਅਨੁਰਾਧਾ, ਮੈਡਮ ਰਾਜਦੀਪ ਕੌਰ, ਮੈਡਮ ਨਵਜੋਤ, ਮੈਡਮ ਮੋਨਾ, ਮੈਡਮ ਗੁਰਪਿੰਦਰ ਅਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

### ਭਗਵਾਨ ਪਰਸ਼ੂਰਾਮ ਜੀ ਦਾ ਜਨਮ ਉਤਸਵ ਬ੍ਰਾਹਮਣ ਸਭਾ ਫ਼ਿਰੋਜ਼ਪੁਰ ਨੇ ਮਨਾਇਆ

# ਬ੍ਰਾਹਮਣ ਸਭਾ ਦੀ ਨਵੀਂ ਕਾਰਜਕਾਰਨੀ ਦੀ ਹੋਈ ਚੋਣ

**ਫ਼ਿਰੋਜ਼ਪੁਰ, 10 ਮਈ (ਮਨੋਹਰ ਲਾਲ) :—** ਅੱਜ ਬ੍ਰਾਹਮਣ ਸਭਾ ਫ਼ਿਰੋਜ਼ਪੁਰ ਵੱਲੋਂ ਭਗਵਾਨ ਪਰਸ਼ੂਰਾਮ ਜੀ ਦਾ ਜਨਮ ਉਤਸਵ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੀ ਸ਼ਰਧਾ, ਭਾਵਨਾ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਸਵਾਮੀ ਕਮਲ ਪੁਰੀ ਜੀ ਮਹਾਰਾਜ ਵਿਸ਼ੇਸ਼ ਤੌਰ ਤੇ ਪੁੱਜ, ਜਦੋਂ ਕਿ ਸ੍ਰੀ ਨਿਰਮਲ ਕੌਂਸਲ ਵੀ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਫ਼ਿਰੋਜ਼ਪੁਰ ਪੁੱਜੇ, ਜਿਥੇ ਦੋਵਾਂ ਸਖਸ਼ੀਅਤਾਂ ਨੇ ਸਮਾਜ ਦੀ ਤਰੱਕੀ, ਉਨਤੀ ਲਈ ਮੋਹਰੀ ਰੋਲ ਅਦਾ ਕਰਨ ਲਈ ਸਮਾਜ ਨੂੰ ਕੋਸ਼ਿਸ਼ਾਂ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸਵਾਮੀ ਜੀ ਨੇ ਉਪਦੇਸ਼ ਦਿੱਤਾ ਕਿ ਸਾਰੇ ਬ੍ਰਾਹਮਣ ਭਰਾਵਾਂ ਨੂੰ ਇਕੱਠੇ ਹੋਣ ਦੀ ਲੋੜ ਹੈ। ਇਸ ਦੌਰਾਨ ਕਮਲ ਪੁਰੀ ਜੀ ਮਹਾਰਾਜ ਨੇ ਭਗਵਾਨ ਪਰਸ਼ੂਰਾਮ ਜੀ ਦੀ ਜਿਵਨੀ ਬਾਰੇ ਵਿਸਥਾਰਤ ਜਾਣਕਾਰੀ ਸਾਂਝੀ ਕੀਤੀ, ਜਦੋਂ ਕਿ ਨਿਰਮਲ ਕੌਸ਼ਿਕ ਨੇ ਵੀ ਬ੍ਰਾਹਮਣ ਸਮਾਜ ਨੂੰ ਇਕ—ਜੁਟਤਾ ਵਿਚ ਰਹਿ ਕੇ ਸਮਾਜ ਦੇ ਭਲਾਈ ਲਈ ਕਾਰਜ ਕਰਦੇ ਰਹਿਣ ਦੀ ਅਪੀਲ ਕੀਤੀ।



ਇਸ ਸ਼ੁਭ ਦਿਹਾੜੇ ਤੇ ਬ੍ਰਾਹਮਣ ਸਭਾ ਫ਼ਿਰੋਜ਼ਪੁਰ ਕਮੇਟੀ ਦੀ ਚੋਣ ਕਰਵਾਈ ਗਈ, ਜਿਸ ਵਿਚ ਖਾਸ ਤੌਰ ਤੇ ਚੋਣ ਕਰਤਾ ਐਸ.ਪੀ ਸ਼ਰਮਾ ਅਤੇ ਪ੍ਰੇਮ ਰਾਜਨ ਜ਼ੋਸ਼ੀ ਵੱਲੋਂ ਬ.ਾਹਮਣ ਸਭਾ ਦੇ ਮੈਂਬਰਾਂ ਦੀ ਚੋਣ ਕਰਵਾਈ ਗਈ, ਜਿਸ ਵਿਚ ਨਵੇਂ ਪ੍ਰਧਾਨ ਵਜੋ ਰਾਜੇਸ਼ ਕੁਮਾਰ ਦੱਤਾ ਨੂੰ ਜਿੰਮੇਵਾਰੀਆਂ ਦਿੱਤੀਆਂ ਗਈਆਂ। ਇਸ ਦੇ ਨਾਲ ਹੀ ਸ੍ਰੀ ਹਰੀ ਰਾਮ ਖਿੰਦੜੀ ਨੂੰ ਮਹਾਂ ਮੰਤਰੀ ਜਨਰਲ ਸਕੱਤਰ ਅਤੇ ਸੰਜੀਵ ਕੁਮਾਰ ਸ਼ਰਮਾ ਨੂੰ ਸੈਕਟਰੀ ਚੁਣਿਆ ਗਿਆ। ਇਸ ਮੌਕੇ ਸ੍ਰੀ ਕਮਲ ਪੁਰੀ ਜੀ ਮਹਾਰਾਜ, ਨਿਰਮਲ ਕੌਸ਼ਿਕ, ਐਸ.ਪੀ ਸ਼ਰਮਾ, ਪ੍ਰੇਮ ਰਾਜਨ ਜ਼ੋਸ਼ੀ, ਰਵਿੰਦਰ ਕੁਮਾਰ, ਵਿਪਨ ਬੰਧੂ, ਸੰਜੀਵ ਕੁਮਾਰ ਸ਼ਰਮਾ, ਸੂਰਜ ਪ੍ਰਕਾਸ਼ ਸ਼ਰਮਾ, ਰਮੇਸ਼ ਸ਼ਰਮਾ, ਪ੍ਰੇਮ ਨਾਥ ਸ਼ਰਮਾ, ਸੁਨੀਲ ਸ਼ਰਮਾ, ਅਨਿਲ ਖਿੰਦੜੀ ਅਤੇ ਵਿਨੋਦ ਕੁਮਾਰ ਹਾਜ਼ਰ ਸਨ।

# ਤਾਲੀਮ ਮਿਊਜਕ ਅਕੈਡਮੀ ਵਿਖੇ ਭਵਿੱਖ ਚ ਕੀਤੇ ਜਾਣਗੇ ਸੰਗੀਤਮਈ ਪ੍ਰੋਗਰਾਮ ਆਯੋਜਤ



**ਚੌਕ ਮਹਿਤਾ, 10 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਤਾਲੀਮ ਮਿਉਜ਼ਿਕ ਅਕੈਡਮੀ ਵਿਖੇ ਸੰਗੀਤਮਈ ਬੈਠਕ ਦੇ ਤਹਿਤ ਸ਼ਾਸਤਰੀ ਸੰਗੀਤ ਦਾ ਪ੍ਰੋਗਰਾਮ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਪ੍ਰੋਗਰਾਮ ਦੀ ਸ਼ੁਰੂਆਤ ਤਾਲੀਮ ਮਿਉਜ਼ਿਕ ਅਕੈਡਮੀ ਦੇ ਹੋਣਹਾਰ ਵਿਦਿਆਰਥੀ ਭਾਈ ਕਰਨਦੀਪ ਸਿੰਘ ਦੇ "ਤਬਲਾ-ਸੋਲੋ ਵਾਦਨ" ਨਾਲ ਹੋਈ। ਨਗਮੇਂ ਤੇ ਬਾਖੂਬੀ ਸਾਥ ਦਿੱਤਾ ਭਾਈ ਜੋਬਨਪ੍ਰੀਤ ਸਿੰਘ ਜੀ ਨੇ। ਹੁਣ ਵਾਰੀ ਸੀ ਲੁਧਿਆਣਾ ਤੋਂ ਆਏ ਮੁੱਖ ਕਲਾਕਾਰ "ਭਾਈ ਅਨਿਕਬਾਰ ਸਿੰਘ" ਜੀ ਦੀ ਤਬਲਾ ਜੁਗਲਬੰਦੀ ਦੀ, ਆਪ ਜੀ ਨਾਲ ਦੂਸਰੇ ਤਬਲੇ ਤੇ ਸਨ, ਆਪ ਜੀ ਦੇ ਹੀ ਵਿਦਿਆਰਥੀ "ਸਾਹਿਲਜੀਤ ਸਿੰਘ" ਆਪ ਦੋਨਾਂ ਦੀ ਜ਼ਬਰਦਸਤ ਪਰਫਾਰਮੈਂਸ ਨੇ ਸ਼੍ਰੋਤਾਗਣਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਨਗਮੇਂ ਤੇ ਰਣਬੀਰ ਸਿੰਘ ਨੇ ਸਾਥ ਨਿਭਾਇਆ। ਮੁੱਖ ਮਹਿਮਾਨ ਵੱਜੋਂ ਸ਼੍ਰੀ ਨਰਾਇਣ ਦਾਸ ਜੀ ਨੇ ਸ਼ਿਰਕਤ ਕੀਤੀ ਪ੍ਰੋਗਰਾਮ ਦਾ ਆਨੰਦ ਮਾਣਨ ਲਈ ਭਾਈ ਸਾਹਿਬ ਭਾਈ ਮਨਿੰਦਰ ਸਿੰਘ ਜੀ ਹਜ਼ੂਰੀ ਰਾਗੀ, ਭਾਈ ਹਰਕੀਰਤ ਸਿੰਘ ਜੀ, ਸ.ਹਰਜੋਤ ਸਿੰਘ ਖਾਲਸਾ ਬਲੱਡ ਬੈਂਕ ਵਾਲੇ ਤੋਂ ਅਲਾਵਾ ਭਾਰੀ ਗਿਣਤੀ ਵਿੱਚ ਰਾਗੀ ਸਿੰਘ ਅਤੇ ਵਿਦਿਆਰਥੀ ਮੌਜੂਦ ਸਨ। ਅਕੈਡਮੀ ਦੇ ਸਰਪ੍ਰਸਤ ਸ਼੍ਰੀ ਅਸ਼ੋਕ ਕੁਮਾਰ ਨੇ ਆਏ ਹੋਏ ਕਲਾਕਾਰਾਂ ਅਤੇ ਮੁੱਖ ਮਹਿਮਾਨ ਦਾ ਨਿੱਘਾ ਸਵਾਗਤ ਕਰਕੇ ਸਨਮਾਨਿਤ ਕੀਤਾ ਅਤੇ ਭਰੋਸਾ ਦੁਆਇਆ ਕਿ ਤਾਲੀਮ ਮਿਉਜ਼ਿਕ ਅਕੈਡਮੀ ਵਿਖੇ ਭਵਿੱਖ ਵਿੱਚ ਵੀ ਸੰਗੀਤਮਈ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਰਹਿਣਗੇ ਪ੍ਰੋਗ੍ਰਾਮ ਦਾ ਸੰਚਾਲਨ ਬੀਬਾ ਅਮਨਦੀਪ ਕੌਰ ਨੇ ਕੀਤਾ ਪ੍ਰੋਗਰਾਮ ਵਿੱਚ ਅਕੈਡਮੀ ਦੇ ਹਰਮਨਜੀਤ ਸਿੰਘ, ਹਰਮਨਦੀਪ ਸਿੰਘ, ਹਰਮੰਦਰ ਸਿੰਘ, ਅਕਾਸ਼ਦੀਪ ਸਿੰਘ, ਸਨਮਪ੍ਰੀਤ ਸਿੰਘ ਤੋਂ ਅਲਾਵਾ ਕਈ ਪਤਵੰਤੇ ਸੱਜਣ ਹਾਜ਼ਰ ਹੋਏ।

# ਵੱਡਾ ਕਾਰਨ ਹਰਮੀਤ ਸਿੰਘ ਪਠਾਣ ਮਾਜਰਾ ਐਮ ਐਲ ਏ ਸਨੌਰ ਮਿਲਣਸਾਰ

ਅੰਦਾਜ਼ਾ ਲਗਾਉਣ ਵਾਲੇ ਦੱਸਦੇ ਹਨ ਕਿ ਆਮ ਆਦਮੀ ਪਾਰਟੀ ਪਟਿਆਲਾ ਤੋਂ ਲੋਕ ਸਭਾ ਉਮੀਦਵਾਰ ਦੀਆਂ ਸਭ ਤੋਂ ਵੱਧ ਵੋਟਾਂ ਵਿਧਾਨ ਸਭਾ ਹਲਕਾ ਸਨੌਰ ਵਿੱਚੋਂ ਨਿਕਲ ਸਕਦੀਆਂ ਹਨ। ਕਿਉਂਕਿ ਹਲਕਾ ਸਨੌਰ ਦੇ ਐਮਐਲਏ ਹਰਮੀਤ ਸਿੰਘ ਪਠਾਣ ਮਾਜਰਾ ਲੋਕਾਂ ਵਿੱਚ ਬਹੁਤ ਮਿਲਣਸਾਰ ਤੇ ਲੋਕਾਂ ਦੇ ਦੁੱਖ ਸੁੱਖ ਵਿੱਚ ਖੜਨ ਵਾਲ਼ੇ ਹਨ। ਹਰਮੀਤ ਸਿੰਘ ਪਠਾਣ ਮਾਜਰਾ ਹਲਕਾ ਸਨੌਰ ਵਿੱਚ ਪਕੜ ਬਹੁਤ ਮਜਬੂਤ ਹੈ ਕਿਉਂਕਿ ਰਾਜਨੀਤੀ ਵਿੱਚ ਬਹੁਤ ਪੁਰਾਣੇ ਹਨ।



-ਪਰਗਟ ਸਿੰਘ ਬਲ਼ਬੇੜ੍ਹਾ
9022000070

# ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਚ ਪਹਿਲੀ ਪਹਿਲੀ ਪੇਰੈਂਟਸ—ਟੀਚਰ ਮੀਟਿੰਗ



ਫ਼ਿਰੋਜ਼ਪੁਰ, 10 ਮਈ (ਮਨੋਹਰ ਲਾਲ) :— ਮੋਗਾ ਰੋਡ 'ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਖੇ ਸੈਸ਼ਨ ਦੀ ਪਹਿਲੀ ਪੇਰੈਂਟਸ—ਟੀਚਰ ਮੀਟਿੰਗ (ਪੀ.ਟੀ.ਐਮ.) ਡਾ: ਹੀਰਾਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੇ ਨਿਰਦੇਸ਼ਾਂ ਤੇ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਦੱਸਿਆ ਕਿ ਪੀ.ਟੀ.ਐਮ. ਦਾ ਉਦੇਸ਼ 18 ਮਈ ਤੋਂ ਸ਼ੁਰੂ ਹੋਣ ਵਾਲੀ ਪੀ.ਟੀ.—1 ਪ੍ਰੀਖਿਆਵਾਂ ਲਈ ਬੱਚਿਆਂ ਦੇ ਮਾਪਿਆਂ ਨੂੰ ਉਨ੍ਹਾਂ ਦੀ ਜਮਾਤ ਵਿੱਚ ਵੱਖ—ਵੱਖ ਵਿਸ਼ਿਆਂ ਵਿੱਚ ਉਨ੍ਹਾਂ ਦੀ ਕਾਰਗੁਜ਼ਾਰੀ ਅਤੇ ਪੜ੍ਹਾਈ ਵਿੱਚ ਉਨ੍ਹਾਂ ਦੇ ਪੱਧਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਪੀ.ਟੀ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਦੇ ਹਨ ਅਤੇ ਚੰਗੇ ਅੰਕ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਪ੍ਰੀਖਿਆਵਾਂ ਵਿੱਚ ਹੋਰ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਸਟਾਫ਼ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

**ਸਰਕਾਰੀ ਹਸਪਤਾਲਾਂ ਵਿਚ 1 ਸਾਲ ਦੇ ਲੜਕੇ ਤੇ 5 ਸਾਲ ਤੱਕ ਦੀਆਂ ਲੜਕੀਆਂ ਦਾ ਹੁੰਦਾ ਏ ਮੁਫਤ ਇਲਾਜ—ਅੰਕੁਸ਼ ਭੰਡਾਰੀ**

# ਸਿਹਤ ਪੱਖੋਂ ਤੰਦਰੁਸਤ ਮਾਂ ਹੀ ਦੇ ਸਕਦੀ ਹੈ ਸਿਹਤਮੰਦ ਬੱਚੇ ਨੂੰ ਜਨਮ—ਡਾ. ਰੇਖਾ




ਫ਼ਿਰੋਜ਼ਪੁਰ, 10 ਮਈ (ਮਨੋਹਰ ਲਾਲ) :— ਮਾਂ ਦੀ ਸਿਹਤ ਜੇਕਰ ਤੰਦਰੁਸਤ ਹੋਵੇਗੀ ਤਾਂ ਹੀ ਉਸਦਾ ਬੱਚਾ ਸਿਹਤ ਪੱਖੋਂ ਨਿਰੋਗ ਅਤੇ ਸਿਹਤਮੰਦ ਹੋਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾਕਟਰ ਰੇਖਾ ਮੈਡੀਕਲ ਆਫ਼ਿਸਰ ਮਮਦੋਟ ਵੱਲੋਂ ਅੱਜ ਸੀ.ਐਚ.ਸੀ ਮਮਦੋਟ ਵਿਖੇ ਸੁਰੱਖਿਅਤ ਮਾਤਰੀਤਵ ਅਭਿਆਨ ਤਹਿਤ ਗਰਭਵਤੀ ਮਹਿਲਾਵਾਂ ਨੂੰ ਸੁਰੱਖਿਅਤ ਜਣੇਪੇ ਤੇ ਤੰਦਰੁਸਤ ਰਹਿਣ ਦੇ ਨੁਕਤੇ ਸਾਂਝੇ ਕਰਦਿਆਂ ਕੀਤਾ। ਇਸ ਮੌਕੇ ਬੋਲਦਿਆਂ ਡਾਕਟਰ ਰੇਖਾ, ਅੰਕੁਸ਼ ਭੰਡਾਰੀ ਬੀ.ਈ.ਈ ਨੇ ਕਿਹਾ ਕਿ ਗਰਭਵਤੀ ਔਰਤ ਨੂੰ ਬੱਚੇ ਦੀ ਤੰਦਰੁਸਤੀ ਲਈ ਜਿਥੇ ਆਪਣੀ ਸਿਹਤ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ, ਉਥੇ ਬੱਚੇ ਦੇ ਜਨਮ ਤੋਂ ਛੇ ਮਹੀਨੇ ਤੱਕ ਅਪਣੇ ਦੁੱਧ ਨਾਲ ਪਾਲਣ ਕਰਨਾ ਚਾਹੀਦਾ ਹੈ, ਜੋ ਬੱਚੇ ਲਈ ਅੰਮ੍ਰਿਤ ਵਾਂਗ ਸਾਬਤ ਹੁੰਦਾ ਹੈ। ਉਨਾਂ ਕਿਹਾ ਕਿ ਗਰਭਵਤੀ ਮਹਿਲਾਵਾਂ ਲਈ ਸਿਹਤ ਵਿਭਾਗ ਵਲੋਂ ਜੇ.ਐਸ.ਐਸ.ਕੇ, ਜੇ.ਐਸ.ਵਾਈ ਸਮੇਤ ਕਈ ਸਿਹਤਪੱਖੀ ਸਕੀਮਾਂ ਚਲਾਈਆਂ ਗਈਆਂ ਹਨ, ਜਿਸ ਤਹਿਤ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਇਲਾਜ ਤੇ ਜਣੇਪੇ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ।

ਡਾ ਰੇਖਾ ਨੇ ਕਿਹਾ ਕਿ ਸਿਵਲ ਹਸਪਤਾਲਾਂ ਵਿਚ ਗਰਭਵਤੀ ਔਰਤ ਨੂੰ ਜਿਥੇ ਸੂਬਾ ਸਰਕਾਰ ਵੱਲੋਂ 108 ਨੰਬਰ ਐਬੂਲੈਂਸ ਰਾਹੀਂ ਲਿਆਉਣ ਤੇ ਲਿਜਾਣ ਦੀ ਸੁਵਿਧਾ ਹੈ, ਉਥੇ ਡਲੀਵਰੀ ਕੇਸ ਵੀ ਮੁਫਤ ਕਰਨ ਦੇ ਨਾਲ—ਨਾਲ ਰਹਿਣ—ਸਹਿਣ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲਾਂ ਵਿਚ ਡਲੀਵਰੀ ਕਰਵਾਉਣ ਵਾਲੀ ਔਰਤ ਦਾ ਮਾਹਿਰ ਡਾਕਟਰਾਂ ਵੱਲੋ ਇਲਾਜ ਕੀਤਾ ਜਾਂਦਾ ਹੈ ਅਤੇ ਮੁਫਤ ਦਵਾਈਆਂ ਅਤੇ ਖਾਣਾ ਮੁਹਇਆ ਰਵਾਇਆ ਜਾਂਦਾ ਹੈ ਤਾਂ ਜ਼ੋ ਪਰਿਵਾਰ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਪੇਸ਼ ਨਾ ਆਵੇ। ਇਸ ਮੌਕੇ ਬੋਲਦਿਆਂ ਸ੍ਰੀ ਅੰਕੁਸ਼ ਭੰਡਾਰੀ ਬੀ.ਈ.ਈ ਨੇ ਕਿਹਾ ਕਿ ਸਿਵਲ ਹਸਪਤਾਲਾਂ ਵਿਚ ਗਰਭਵਤੀ ਔਰਤਾਂ ਦੇ ਨਾਲ—ਨਾਲ ਹਰੇਕ ਮਨੁੱਖ ਨੂੰ ਬਚਾਉਣ ਲਈ ਪੂਰੇ ਪ੍ਰਬੰਧ ਹਨ। ਉਨ੍ਹਾਂ ਕਿਹਾ ਕਿ ਜਿਥੇ ਸਰਕਾਰੀ ਹਸਪਤਾਲਾਂ ਵਿਚ ਮਾਹਿਰ ਡਾਕਟਰਾਂ ਵੱਲੋਂ ਆਧੁਨਿਕ ਮਸ਼ੀਨਾਂ ਨਾਲ ਮਰੀਜ਼ਾਂ ਦਾ ਚੈਕਅਪ ਕੀਤਾ ਜਾਂਦਾ ਹੈ, ਉਥੇ ਬਹੁਤੀਆਂ ਬਿਮਾਰੀਆਂ ਦੀ ਦਵਾਈ ਹਸਪਤਾਲ ਵਿਚੋਂ ਮੁਫਤ ਦੇ ਕੇ ਮਰੀਜ਼ ਨੂੰ ਬਚਾਉਣ ਦਾ ਹਰ ਉਪਰਾਲਾ ਕੀਤਾ ਜਾਂਦਾ ਹੈ। ਸ੍ਰੀ ਭੰਡਾਰੀ ਨੇ ਕਿਹਾ ਕਿ ਜਨਮ ਤੋਂ ਲੈ ਕੇ ਛੇ ਮਹੀਨੇ ਤੱਕ ਮਾਂ ਦਾ ਦੁੱਧ ਹੀ ਬੱਚੇ ਲਈ ਮੁਕੰਮਲ ਖੁਰਾਕ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲ ਵਿਚ 0—1 ਦੇ ਲੜ੍ਹਕੇ ਅਤੇ 0—5 ਸਾਲ ਦੀਆਂ ਲੜਕੀਆਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਰਕਾਰੀ ਸਹੂਲਤਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਸਿਹਤਮੰਦ ਸਮਾਜ ਦੀ ਸਿਰਜਨਾ ਵਿਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਜਿਥੇ ਇਕ ਤੋਂ ਦੂਸਰੇ ਬੱਚੇ ਦੀ ਪਲਾਨਿੰਗ ਵਿਚ 3 ਸਾਲ ਦਾ ਫਰਕ ਹੋਣਾ ਚਾਹੀਦਾ ਹੈ, ਉਥੇ ਔਰਤ ਨੂੰ 20 ਤੋਂ 35 ਸਾਲ ਤੱਕ ਦੀ ਉਮਰ ਵਿਚ ਹੀ ਗਰਭਧਾਰਨ ਕਰਨਾ ਚਾਹੀਦਾ ਹੈ, ਜੋ ਬੱਚੇ ਤੇ ਮਾਂ ਲਈ ਸਹੀ ਸਿੱਧ ਹੁੰਦਾ ਹੈ। ਇਸ ਮੌਕੇ ਮੈਡਮ ਜਮੁਨਾ ਸਟਾਫ ਨੂਰਸ, ਰਿਮਪਲ ਐਲ.ਐਚ.ਵੀ, ਪਰਮਿੰਦਰ ਸੀ.ਐਚ.ਓ ਸਮੇਤ ਆਸ਼ਾ ਵਰਕਰ ਹਾਜ਼ਰ ਸਨ।



**ਤਜਿੰਦਰ ਸਿੰਘ ਚੇਅਰਮੈਨ ਜ਼ਿਲ੍ਹਾ ਕਾਂਗਰਸ ਕਮੇਟੀ ਓ.ਬੀ.ਸੀ ਸੈਲ ਇੰਚਾਰਜ ਨੂੰ ਗਹਿਰਾ ਸਦਮਾ**



# ਸਪੁੱਤਰ ਕਰਨਜੀਤ ਸਿੰਘ ਦਾ ਹੋਇਆ ਅਚਾਨਕ ਅਕਾਲ ਚਲਾਣਾ

ਫ਼ਿਰੋਜ਼ਪੁਰ, 10 ਮਈ (ਮਨੋਹਰ ਲਾਲ) :— ਤਜਿੰਦਰ ਸਿੰਘ ਚੇਅਰਮੈਨ ਜ਼ਿਲ੍ਹਾ ਕਾਂਗਰਸ ਕਮੇਟੀ ਬੀ.ਸੀ ਸੈਲ ਇਨਚਾਰਜ ਜ਼ਿਲ੍ਹਾ ਫ਼ਿਰੋਜ਼ਪੁਰ ਕਾਂਗਰਸ ਕਮੇਟੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਹੋਣਹਾਰ ਸਪੁੱਤਰ ਕਰਨਜੀਤ ਸਿੰਘ ਅਚਾਨਕ 5 ਮਈ ਨੂੰ ਵਾਹਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ, ਜਿਸ ਤੇ ਵੱਖ—ਵੱਖ ਆਗੂਆਂ, ਧਾਰਮਿਕ ਆਗੂਆਂ ਅਤੇ ਜ਼ਿਲ੍ਹਾ ਕਾਂਗਰਸ ਫ਼ਿਰੋਜ਼ਪੁਰ ਦੇ ਅਹੁਦੇਦਾਰਾਂ ਨੇ ਤਜਿੰਦਰ ਸਿੰਘ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਕਿ ਵਾਹਿਗੁਰੂ ਕਰਨਜੀਤ ਸਿੰਘ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਅਤੇ ਅੰਤਿਮ ਅਰਦਾਸ 12 ਮਈ ਦਿਨ ਐਤਵਾਰ ਦੁਪਹਿਰ 12 ਵਜੇ ਤੋਂ ਇਕ ਵਜੇ ਤੱਕ ਪ੍ਰਮਾਰਥ ਭਵਨ ਜ਼ੀਰਾ ਗੇਟ, ਫ਼ਿਰੋਜ਼ਪੁਰ ਸ਼ਹਿਰ ਵਿਖੇ ਹੋਵੇਗੀ, ਜਿਥੇ ਵੱਡੀ ਗਿਣਤੀ ਸਿਆਸੀ, ਧਾਰਮਿਕ ਅਤੇ ਇਲਾਕੇ ਦੀਆਂ ਮੋਹਤਬਰ ਸਖਸ਼ੀਅਤਾਂ ਵਿਛੜੀ ਰੂਹ ਨੂੰ ਸ਼ਰਧਾਂਜਲੀ ਅਰਪਿਤ ਕਰਨਗੀਆਂ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸਾਹਿਬ ਸਿੰਘ ਭੁੱਲਰ ਪ੍ਰੈਜੀਡੈਂਟ ਆਈ.ਓ.ਸੀ ਇੰਡੀਅਨ ਓਵਰਸੀਅਰ ਕਾਗਰਸ ਵੈਸਟ ਕੋਸਟ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ

## ਸਾਰਿਆਂ ਨੇ ਕਾਗਰਸੀ ਉਮੀਦਵਾਰਾਂ ਨੂੰ ਜਿਤਾਉਣ ਲਈ ਸਾਰਿਆਂ ਨੂੰ ਪੂਰਜ਼ੋਰ ਅਪੀਲ ਕੀਤੀ


ਸਾਹਿਬ ਸਿੰਘ ਭੁੱਲਰ | ਸੈਮ ਪਿਟਰੋਦਾ | ਮਹਿੰਦਰ ਸਿੰਘ | ਓਕਾਰ ਸਿੰਘ ਖੱਖ | ਸਰਬਜੀਤ ਮਾਨ


ਬਲਵਿੰਦਰ ਸਿੱਧੂ | ਬਰਿੰਦਰਜੀਤ ਢਿੱਲੋਂ | ਨਰਿੰਦਰ ਢਿੱਲੋਂ | ਬਿਲ ਸਿੱਘ



**ਅਮਿਰਕਾ/ਲਾਸ ਏਜਲਾਸ /ਨਕੋਦਰ /ਮਹਿਤਪੁਰ ,09 ਮਈ (ਹਰਜਿੰਦਰ ਪਾਲ ਛਾਬੜਾ)**-ਪਿਛਲੇ ਦਿਨੀ ਐਨ.ਆਰ.ਆਈ ਭਰਾਵਾਂ ਵਲੋਂ ਇੱਕ ਬਹੁਤ ਵੱਡੀ ਮੀਟਿੰਗ ਕੀਤੀ ਗਈ। ਜਿਸ ਵਿੱਚ ਲੋਕ ਸਭਾ ਚੋਣਾਂ ਵਿੱਚ ਚੋਣਾਂ ਲੜ ਰਹੇ ਸਾਰੇ ਕਾਗਰਸ ਪਾਰਟੀ ਦੇ ਉਮੀਦਵਾਰਾਂ ਦਾ ਸਮਰਥਨ ਕੀਤਾ ਗਿਆ। ਆਈ.ਓ.ਸੀ ਦੇ ਚੇਅਰਮੈਨ ਸੈਮ ਪਿਟਰੋਦਾ ਜੀ ਅਤੇ ਅਮਿਰਕਾ ਦੇ ਆਈ.ਓ.ਸੀ ਦੇ ਪ੍ਰਧਾਨ ਸੰਗਤ ਸਿੰਘ ਗਿਲਜੀਆ, ਸਾਹਿਬ ਸਿੰਘ ਭੁੱਲਰ ਪ੍ਰੈਜੀਡੈਂਟ ਬੈਸਟ ਕੋਸ ਆਈ.ਓ.ਸੀ ਓਕਾਰ ਸਿੰਘ ਖੱਖ ਪ੍ਰੈਜੀਡੈਂਟ ਯੂਥ ਆਈ.ਓ.ਸੀ- ਸੀ ਦੀ ਰਹਿਨਮਾਈ ਹੇਠ ਇਹ ਮੀਟਿੰਗ ਕੀਤੀ ਗਈ। ਜਿਸ ਵਿੱਚ ਬਹੁਤ ਸਾਰੇ ਸੱਜਣਾਂ ਮਿੱਤਰਾਂ ਨੇ ਆਪਣੀਆਂ ਟੀਮਾਂ ਸਮੇਤ ਵੱਧ ਚੜਕੇ ਹਿੱਸਾ ਲਿਆ। ਅਤੇ ਸਾਰਿਆਂ ਨੇ ਸਾਰੇ ਹੀ ਕਾਗਰਸੀ ਉਮੀਦਵਾਰਾਂ ਨੂੰ ਜਿਤਾਉਣ ਲਈ ਸਾਰਿਆਂ ਨੂੰ ਅਪੀਲ ਕੀਤੀ ਅਤੇ ਸੁਖਪਾਲ ਸਿੰਘ ਖਹਿਰਾ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਨਾਲ ਮੀਟਿੰਗ ਦੌਰਾਨ ਵੀਡੀਓ ਕਾਲ ਤੇ ਗੱਲ ਹੋਈ ਉਨ੍ਹਾਂ ਨੇ ਲਾਈਵ ਮੀਟਿੰਗ ਵਿੱਚ ਆਪਣੇ ਵਿਚਾਰ ਰੱਖੇ ।ਧਰਮਵੀਰ ਗਾਧੀ ਜੀ, ਸੁਖਵਿੰਦਰ ਸਿੰਘ ਰੰਧਾਵਾ ਜੀ, ਫਰੀਦਕੋਟ ਤੋਂ ਅਮਰਜੀਤ ਕੌਰ ਸਾਹੂਕੇ, ਹੁਸ਼ਿਆਰਪੁਰ ਤੋਂ ਉਮੀਦਵਾਰ ਜਾਮਨੀ ਗੋਮਰ ਜੂਮ ਮੀਟਿੰਗ ਵਿੱਚ ਸ਼ਾਮਿਲ ਹੋਏ ।ਇਸ ਮੌਕੇ ਸਾਹਿਬ ਸਿੰਘ ਭੁੱਲਰ, ਓਕਾਰ ਸਿੰਘ ਖੱਖ ਜੀ ਨੇ ਆਪਣੇ ਵਿਚਾਰ ਰੱਖੇ ਆਪਣੀ ਸਪੀਚ ਵਿੱਚ ਉਹਨਾਂ ਨੇ ਪੂਰਜੋਰ ਅਪੀਲ ਕੀਤੀ ਹੈ ਕਿ ਸਾਰੇ ਕਾਗਰਸੀ ਉਮੀਦਵਾਰਾਂ ਨੂੰ ਜਿਤਾਓ। ਇਹ ਮੀਟਿੰਗ ਸਾਹਿਬ ਸਿੰਘ ਭੁੱਲਰ ਪਰੈਜੀਡੈਂਟ ਆਈ.ਓ.ਸੀ ਇੰਡੀਅਨ ਓਵਰਸੀਅਰ ਕਾਗਰਸ ਵੈਸਟ ਕੋਸਟ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਦਿਲਬਾਗ ਧੂਰ, ਨਰਿੰਦਰ ਢਿੱਲੋਂ, ਬਰਿੰਦਰ ਜੀਤ ਢਿੱਲੋਂ, ਸਿਕੰਦਰ ਰੰਧਾਵਾ, ਧਰਮਿੰਦਰ ਰੰਧਾਵਾ, ਅਵਤਾਰ ਚੰਦੀ ਗਰੁੱਪ, ਸਰਬਜੀਤ ਸਿੰਘ ਮਾਨ, ਸਤਵਿੰਦਰ ਸਿੱਧੂ, ਰਵੀ, ਗਰੇਵਾਲ, ਇਕਬਾਲ ਸਿੰਘ, ਸਤਵੀਰ ਤੁੰਗ, ਜਗਤਾਰ ਸਿੰਘ, ਤਰਲੋਚਨ ਰੰਗੀ, ਕੁਲਜੀਤ ਨਿੱਝਰ, ਬਿੱਲ ਸਿੰਘ, ਰਾਣਾ ਪ੍ਰਧਾਨ, ਜਿੰਦਰ ਸੰਧੂ, ਰਾਮ ਸਿੰਘ, ਗੈਰੀ ਬਾਜਵਾ, ਮਨਜੀਤ ਢੰਡਾ, ਸ਼ੇਰਗਿੱਲ, ਸੁਰਜੀਤ ਸੰਧੂ, ਪਾਲ ਮੋਮੀ, ਪੰਮੀ, ਭੋਲਾ ਸਰਪੰਚ, ਨਿਰਮਲ ਚੀਮਾ, ਕੁਲਦੀਪ ਧਾਲੀਵਾਲ, ਮੱਖਣ ਸੰਧੂ, ਹਾਕਮ ਸਿੰਘ ਆਦਿ ਸੈਕੜੇ ਐਨ.ਆਰ.ਆਈ ਵਰਕਰਾਂ ਨੇ ਮੀਟਿੰਗ ਵਿੱਚ ਹਿੱਸਾ ਲਿਆ।

# ਮੌਜੂਦਾ ਸਰਕਾਰ ਸਿੱਖਾਂ ਦੀ ਹਮਾਇਤੀ ਨਹੀ, ਗੁਰੂਘਰਾਂ ਤੇ ਕਬਜ਼ਾ ਕਰਣ ਦੀਆਂ ਖੇਡ ਰਹੀ ਹੈ ਸਾਜ਼ਿਸ਼: ਬੀਬੀ ਰਣਜੀਤ ਕੌਰ

## ਮਾਮਲਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਦਾ ਪ੍ਰਬੰਧ ਆਪਣੇ ਹੱਥ ਵਿਚ ਲੈਣ ਲਈ ਐਕਟ ਬਦਲੀ ਕਰਣਾ



**ਨਵੀਂ ਦਿੱਲੀ, 10 ਮਈ (ਮਨਪ੍ਰੀਤ ਸਿੰਘ ਖਾਲਸਾ)**-ਮਹਾਰਾਸ਼ਟਰ ਦੀ ਏਕਨਾਥ ਸਿੰਦੇ ਸਰਕਾਰ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਦਾ ਪ੍ਰਬੰਧ ਆਪਣੇ ਹੱਥ ਵਿਚ ਲੈਣ ਲਈ ਮੁੜ ਤੋਂ ਗੁਰਦਵਾਰਾ ਬੋਰਡ ਦਾ ਕੰਮ ਚਲਾਉਣ ਲਈ ਬਣਾਏ ਗਏ 1956 ਐਕਟ ਨੂੰ ਬਦਲ ਕੇ ਦ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਐਕਟ 2023 ਲਾਗੂ ਕਰਨ ਦੀ ਪੂਰੀ ਤਿਆਰੀ ਕਰ ਲਈ ਹੈ। ਇਹ ਸਿਧੇ ਤੌਰ ਤੇ ਸਿੱਖ ਪੰਥ ਦੇ ਧਰਮ ਅੰਦਰ ਦਖਲ ਅੰਦਾਜ਼ੀ ਹੈ ਜੋ ਕਿ ਨਾ-ਸਹਿਣ-ਕਰਣ ਯੋਗ ਹੈ ।ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਮਹਿਲਾ ਵਿੰਗ ਦੇ ਮੁੱਖ ਸੇਵਾਦਾਰ ਬੀਬੀ ਰਣਜੀਤ ਕੌਰ ਨੇ ਮੀਡੀਆ ਨੂੰ ਜਾਰੀ ਆਪਣੇ ਪ੍ਰੈਸ ਨੋਟ ਰਾਹੀਂ ਕਿਹਾ ਕੀ ਇਕ ਤਰਫ ਮੌਜੂਦਾ ਸਰਕਾਰ ਆਪਣੇ ਆਪ ਨੂੰ ਸਿੱਖਾਂ ਦੀ ਹਮਾਇਤੀ ਦਰਸਾ ਰਹੀ ਹੈ ਤੇ ਦੂਜੇ ਪਾਸੇ ਓਹ ਆਪਣੇ ਲੁਕਵੇਂ ਏਜੰਡੇ ਰਾਹੀਂ ਸਿੱਖ ਪੰਥ ਦੇ ਗੁਰੂਘਰਾਂ ਤੇ ਕਬਜ਼ਾ ਕਰਣ ਦੀਆਂ ਸਾਜ਼ਿਸ਼ ਖੇਡ ਰਹੀ ਹੈ । ਜਿਸ ਤਰ੍ਹਾਂ ਓਹ ਇਕ ਗਿਣੀ ਮਿੱਥੀ ਸਾਜ਼ਿਸ਼ ਅੱਧੀਨ ਇਕ ਧਰਮ ਦੀਆਂ ਧਾਰਮਿਕ ਅਸਥਾਨਾਂ ਨੂੰ ਢਾਹ ਰਹੀ ਹੈ ਓਸੇ ਤਰ੍ਹਾਂ ਸਾਡੇ ਗੁਰਧਾਮਾਂ ਨੂੰ ਆਪਣੇ ਅੱਧੀਨ ਕਰਣ ਦੀ ਚਾਲ ਚਲ ਰਹੀ ਹੈ। ਪਹਿਲਾਂ ਵੀਂ ਇਨ੍ਹਾਂ ਨੇ ਗੁਰਦੁਆਰਾ ਡਾਂਗਮਾਰ ਸਾਹਿਬ, ਹਰਿ ਕੀ ਪੌੜੀ ਅਤੇ ਸਿੱਖ ਪੰਥ ਦੇ ਹੋਰ ਗੁਰਦੁਆਰਾ ਸਾਹਿਬਾਨਾਂ ਤੇ ਕਬਜ਼ਾ ਕੀਤਾ ਹੋਇਆ ਹੈ ਤੇ ਦੂਜੇ ਪਾਸੇ ਦਿੱਲੀ ਕਮੇਟੀ ਤੇ ਕਾਬਿਜ ਪ੍ਰਬੰਧਕ ਮੂੰਹ ਵਿਚ ਘੁੰਗਣੀਆਂ ਪਾ ਕੇ ਇਨ੍ਹਾਂ ਮੁਦਿਆਂ ਤੋਂ ਪਾਸਾ ਵੱਟ ਜਾਂਦੇ ਹਨ । ਸ੍ਰੀ ਅਕਾਲ ਤਖਤ ਅਤੇ ਸਿੱਖ ਪੰਥ ਦੀ ਸਮੂਹ ਧਾਰਮਿਕ ਅਤੇ ਰਾਜਨੀਤਿਕ ਜਥੇਬੰਦੀਆਂ ਇੱਕਠੀਆਂ ਹੋ ਕੇ ਇਸ ਦਾ ਵਿਰੋਧ ਕਰਣ । ਸਾਡੀ ਚੁੱਪੀ ਸਾਡੇ ਗੁਰਧਾਮਾਂ ਲਈ ਖਤਰਨਾਕ ਹੋਵੇਗੀ । ਨਵੇ ਐਕਟ ਵਿਚ ਸਰਕਾਰ ਵਲੋ ਨਾਮਜਦ 7 ਮੈਂਬਰਾਂ ਦੀ ਗਿਣਤੀ ਨੂੰ ਵਧਾ ਕੇ 12 ਕੀਤੀ ਜਾ ਰਹੀ ਹੈ, ਨਵੇ ਐਕਟ ਮੁਤਾਬਿਕ ਹੁਣ 17 ਮੈਂਬਰੀ ਬੋਰਡ ਵਿਚ ਸਰਕਾਰ ਵਲੋ ਨਾਮਜਦ 12 ਮੈਂਬਰਾਂ ਦੇ ਨਾਲ ਨਾਲ 3 ਮੈਂਬਰ ਚੋਣ ਜਿਤ ਕੇ ਆਉਣਗੇ ਅਤੇ 2 ਮੈਂਬਰ ਸ਼ੋਮਣੀ ਕਮੇਟੀ ਨਾਮਜਦ ਕਰ ਸਕੇਗੀ।


ਸ਼੍ਰੀ ਅਕਾਲ ਸਹਾਇ
ਕਿਰਤ ਕਰੋ
ਨਾਮ ਜਪੋ
ਵੰਡ ਛਕੋ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕੁਰੂਕਸ਼ੇਤਰ ਵੱਲੋਂ ਧਰਮ ਪ੍ਰਚਾਰ ਸਬ ਦਫਤਰ
ਉਦਘਾਟਨ ਸਮਾਗਮ
ਮਿਤੀ 11 ਮਈ 2024 ਨੂੰ ਸਮਾਂ ਦੁਪਹਿਰ 12:00 ਵਜੇ
ਗੁਰਦੁਆਰਾ ਸਾਹਿਬ ਪਾਤਸ਼ਾਹੀ ੧੦ਵੀਂ ਸ੍ਰੀ ਨਾਢਾ ਸਾਹਿਬ ਪੰਚਕੂਲਾ ਵਿਖੇ
ਪੁੱਜ ਰਹੀਆਂ ਪੰਥਕ ਸ਼ਖਸ਼ੀਅਤਾਂ
ਜਥੇਦਾਰ ਭੁਪਿੰਦਰ ਸਿੰਘ ਅਸੰਧ ਪ੍ਰਧਾਨ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸ.ਸੁਦਰਸ਼ਨ ਸਿੰਘ ਅੰਬਾਲਾ ਸੀਨੀਅਰ ਮੀਤ ਪ੍ਰਧਾਨ
ਬੀਬੀ ਰਵਿੰਦਰ ਕੌਰ ਅਜਰਾਣਾ ਜੂਨੀਅਰ ਮੀਤ ਪ੍ਰਧਾਨ
ਸ.ਗੁਲਾਬ ਸਿੰਘ ਮੂਨਕ ਮੀਤ ਸਕੱਤਰ
ਸ.ਸੁਖਵਿੰਦਰ ਸਿੰਘ ਮੰਡੇਬਰ ਜਰਨਲ ਸਕੱਤਰ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ,ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸ.ਜਗਸੀਰ ਸਿੰਘ ਮਾਂਗੇਆਣਾ ਅੰਤ੍ਰਿੰਗ ਮੈਂਬਰ
ਸ.ਬਲਦੇਵ ਸਿੰਘ ਰੈਣਵਾਲੀ ਅੰਤ੍ਰਿੰਗ ਮੈਂਬਰ
ਸ.ਤਰਵਿੰਦਰਪਾਲ ਸਿੰਘ ਅੰਬਾਲਾ ਅੰਤ੍ਰਿੰਗ ਮੈਂਬਰ
ਸ.ਤਜਿੰਦਰਪਾਲ ਸਿੰਘ ਨਾਰਨੌਲ ਅੰਤ੍ਰਿੰਗ ਮੈਂਬਰ
ਸ.ਸੁਦਰਸ਼ਨ ਸਿੰਘ ਭਿਵਾਨੀ ਅੰਤ੍ਰਿੰਗ ਮੈਂਬਰ
ਬੇਨਤੀ ਕਰਤਾ - ਸਰਬਜੀਤ ਸਿੰਘ ਜੰਮੂ ਸਕੱਤਰ ਧਰਮ ਪ੍ਰਚਾਰ,ਰਣਜੀਤ ਸਿੰਘ ਮੈਨੇਜਰ ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਸ੍ਰੀ ਨਾਢਾ ਸਾਹਿਬ ਅਤੇ ਇਲਾਕਾ ਨਿਵਾਸੀ ਸਮੂੰਹ ਸਾਧਸੰਗਤ


ਸ਼੍ਰੀ ਅਕਾਲ ਸਹਾਇ
ਅੰਮ੍ਰਿਤ ਛਕੋ
ਸਿੰਘ ਸਜੋ
ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਰੇਵਾੜੀ ਵੱਲੋਂ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ
ਧੰਨ ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਅਤੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
ਮਿਤੀ- 13 ਮਈ 2024, ਦਿਨ ਸੋਮਵਾਰ
ਸਮਾਂ - 03:00 ਵਜੇ ਤੋਂ ਸ਼ਾਮ 06:00 ਵਜੇ ਤੱਕ
ਜਥੇਦਾਰ ਭੁਪਿੰਦਰ ਸਿੰਘ ਅਸੰਧ ਪ੍ਰਧਾਨ HSGMC
ਸ. ਤੇਜਿੰਦਰਪਾਲ ਸਿੰਘ ਨਾਰਨੌਲ ਅੰਤ੍ਰਿੰਗ ਮੈਂਬਰ HSGMC
ਭਾਈ ਗੁਰਸੇਵਕ ਸਿੰਘ ਰੰਗੀਲਾ ਹਜੂਰੀ ਰਾਗੀ ਜਥਾ ਗੁਰਦੁਆਰਾ ਦਾਦੂ ਸਾਹਿਬ
ਸਮਾਂ - 04:00 ਤੋਂ 05:00 ਵਜੇ ਤੱਕ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ HSGMC
ਸਮਾਂ - 05:00 ਤੋਂ 06:00 ਵਜੇ ਤੱਕ
ਬੇਨਤੀ ਕਰਤਾ- ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਸਮੂੰਹ ਸਾਧਸੰਗਤ ਰੇਵਾੜੀ,
ਅਤੇ ਸਕੱਤਰ ਧਰਮ ਪ੍ਰਚਾਰ (ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)


ਪੀਵਹੁ ਪਾਹੁਲ ਖੰਡਿ ਧਾਰ ਹੋਵੇ ਜਨਮ ਸੁਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥
ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਮਾਤਾ ਗੁਜਰੀ ਜੀ ਦਾ ਪੇਕਾ ਘਰ
ਗੁਰਦੁਆਰਾ ਸ਼੍ਰੀ ਲਖਨੌਰ ਸਾਹਿਬ ਪਾਤਸ਼ਾਹੀ ਦਸਵੀਂ ਵਿਖੇ ਮਾਤਾ ਗੁਜਰ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ
ਗੁਰਮਤਿ ਸਮਾਗਮ
14 ਮਈ 2024 ਦਿਨ ਮੰਗਲਵਾਰ ਸੰਗਰਾਂਦ ਦੇ ਦਿਹਾੜੇ ਤੇ ਸਮਾਂ 10 ਤੋਂ 3 ਵਜੇ ਤੱਕ
13 ਮਈ 2024 ਦਿਨ ਸੋਮਵਾਰ ਨੂੰ ਸ਼੍ਰੀ ਮਾਨ ਸੰਤ ਬਾਬਾ ਹਰਨੇਕ ਸਿੰਘ ਜੀ ਰਾੜਾ ਸਾਹਿਬ ਦੇ ਜੱਥੇ ਵਲੋਂ ਬਾਬਾ ਹਰਬੰਸ ਸਿੰਘ ਜੀ ਰਾਤ ਨੂੰ 08 ਤੋਂ 10:00 ਵਜੇ ਤੱਕ ਕੀਰਤਨ ਕਰਨਗੇ।
ਅੰਮ੍ਰਿਤ ਸੰਚਾਰ
ਮਿਤਿ 14 ਮਈ 2024 ਨੂੰ ਸਵੇਰੇ 10 ਵਜੇ ਗੁ: ਸ੍ਰੀ ਲਖਨੌਰ ਸਾਹਿਬ ਪਾ: ਦਸਵੀਂ ਅੰਬਾਲਾ ਵਿਖੇ ਕਰਵਾਇਆ ਜਾ ਰਿਹਾ ਹੈ। ਕਕਾਰ ਫਰੀ ਦਿੱਤੇ ਜਾਣਗੇ।
ਨੋਟ:- ਭਾਈ ਮਲਕੀਤ ਸਿੰਘ ਹੈਡ ਗ੍ਰੰਥੀ ਸਾਹਿਬ ਕੋਲ ਆਪਣੇ ਨਾਮ ਦਰਜ ਕਰਵਾਉਣ ਦੀ ਕਿਰਪਾਲਤਾ ਕਰਨੀ ਜੀ।
ਸਥਾਨ:- ਗੁਰਦੁਆਰਾ ਸ਼੍ਰੀ ਲਖਨੌਰ ਸਾਹਿਬ ਪਾਤਸ਼ਾਹੀ ਦਸਵੀਂ
ਪੁਜ ਰਹੇ ਰਾਗੀ, ਢਾਡੀ ਅਤੇ ਪ੍ਰਚਾਰਕ
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਗਿਆਨੀ ਸ਼ੇਰ ਸਿੰਘ ਜੀ (ਕਥਾ ਵਾਚਕ)
ਭਾਈ ਗੁਰਪ੍ਰਤਾਪ ਸਿੰਘ ਜੀ ਪਦਮ (ਢਾਡੀ ਜੱਥਾ)
ਭਾਈ ਭਗਤ ਸਿੰਘ ਜੀ (ਕਵੀਸ਼ਰੀ ਜੱਥਾ)
ਭਾਈ ਅਮ੍ਰਿਤ ਸਿੰਘ ਜੀ ਹਜੂਰੀ ਰਾਗੀ ਗੁ. ਲਖਨੌਰ ਸਾਹਿਬ
ਭਾਈ ਗੁਰਮੇਲ ਸਿੰਘ ਜੀ ਕਲੇਰ ਢਾਡੀ ਜੱਥਾ
ਭਾਈ ਗੁਰਜੋਤ ਸਿੰਘ ਨਲਵੀ (ਪ੍ਰਚਾਰਕ ਹਰਿਆਣਾ ਸਿੱਖ ਗੁਰਦਵਾਰਾ ਕਮੇਟੀ)
ਲੰਗਰ ਦੀ ਸੇਵਾ:- ਪਿੰਡ ਧਰਮਗੜ, ਲਾਲੜੂ ਦੀ ਸੰਗਤ ਵਲੋਂ ਕੀਤੀ ਜਾਵੇਗੀ
ਛਬੀਲ ਦੀ ਸੇਵਾ:- ਪਿੰਡ ਕੇਸਰੀ ਦੀ ਸੰਗਤ ਵਲੋਂ ਮਾਤਾ ਗੁਜਰ ਕੌਰ ਜੀ ਦੇ ਇਤਿਹਾਸਿਕ ਖੂਹ ਤੇ ਠੰਡੇ ਪਾਣੀ ਦੀ ਛਬੀਲ ਲਾਈ ਜਾਵੇਗੀ
ਲੰਗਰ ਵਰਤਾਉਣ ਅਤੇ ਜੌੜਾ ਘਰ ਦੀ ਸੇਵਾ ਗੁ: ਭਗਤ ਧੰਨਾ ਜੀ ਦੀ ਸੰਗਤ ਵਲੋਂ ਕੀਤੀ ਜਾਵੇਗੀ
ਪ੍ਰਧਾਨ ਅਤੇ ਸਮੂਹ ਮੇਂਬਰ ਸਾਹਿਬਾਨ ਹਰਿਆਣਾ ਸਿੱਖ ਗੁਰਦੁਆਰਾ ਮੇਨੇਜਮੇਂਟ ਕਮੇਟੀ
ਵਲੋਂ: ਮੇਨੇਜਰ ਗੁ: ਸ੍ਰੀ ਲਖਨੌਰ ਸਾਹਿਬ ਪਾ. ਦਸਵੀਂ, ਅੰਬਾਲਾ, ਫੋਨ: 9729031513
ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ: ਹਰਿਆਣਾ ਸਿੱਖ ਗੁਰਦੁਆਰਾ ਮੇਨੇਜਮੇਂਟ ਕਮੇਟੀ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ
ਚੇਅਰਮੇਨ,ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ


ੴ ਸਤਿਗੁਰ ਪ੍ਰਸਾਦਿ॥
ਮੀਰੀ ਪੀਰੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਦੇ
ਆਗਮਨ ਪੁਰਬ ਅਤੇ ਸੰਗ੍ਰਾਂਦ ਮਹੀਨਾ ਜੇਠ ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
ਪਹੁੰਚ ਰਹੇ ਰਾਗੀ ਜਥੇ ਅਤੇ ਕਥਾਵਾਚਕ
14-05-2024 ਦਿਨ ਮੰਗਲਵਾਰ
ਸ਼ਾਮ 7:00 ਵਜੇ ਤੋਂ 9:00 ਵਜੇ ਤੱਕ
ਸਥਾਨ:- ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਕੁਰੂਕਸ਼ੇਤਰ
ਸਮੂੰਹ ਸਾਧ ਸੰਗਤ ਜੀਓ ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਇਸ ਪਵਿੱਤਰ ਅਸਥਾਨ ਤੇ ਮਈ ਮਹੀਨੇ ਵਿੱਚ ਆਏ ਸਨ। ਉਹਨਾਂ ਦੇ ਆਗਮਨ ਪੁਰਬ ਨੂੰ ਮੁੱਖ ਰੱਖਦਿਆਂ ਇੱਕ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਵਿਖੇ ਕਰਵਾਇਆ ਜਾ ਰਿਹਾ ਹੈ। ਆਪ ਸਭ ਸੰਗਤਾਂ ਮਿਤੀ 14 ਮਈ 2024 ਦੀ ਸ਼ਾਮ 07 ਵਜੇ ਤੋ 09 ਵਜੇ ਤੀਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀ ਪੁੱਜ ਕੇ ਕੀਰਤਨ ਸਰਵਣ ਕਰੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਭਾਈ ਜੋਗਿੰਦਰ ਸਿੰਘ ਰਿਆੜ
ਭਾਈ ਸੂਬਾ ਸਿੰਘ ਪਿਹੋਵਾ ਵਾਲੇ
ਭਾਈ ਗੁਰਦਾਸ ਸਿੰਘ ਕਥਾਵਾਚਕ
ਜਥੇਦਾਰ ਭੁਪਿੰਦਰ ਸਿੰਘ ਜੀ ਅਸੰਧ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਬੀਬੀ ਰਵਿੰਦਰ ਕੌਰ ਅਜਰਾਣਾ
ਜੂਨੀਅਰ ਮੀਤ ਪ੍ਰਧਾਨ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਸ੍ਰ ਕਵਲਜੀਤ ਸਿੰਘ ਜੀ ਅਜਰਾਣਾ
ਮੁੱਖ ਬੁਲਾਰਾ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ
ਚੇਅਰਮੈਨ
ਧਰਮ ਪ੍ਰਚਾਰ ਕਮੇਟੀ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਵਲੋਂ:- ਮੈਨੇਜਰ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਕੁਰੂਕਸ਼ੇਤਰ
ਸਕੱਤਰ ਧਰਮ ਪ੍ਰਚਾਰ ਕਮੇਟੀ, ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ

ਨਾਮਜ਼ਦਗੀ ਪਰਚਾ ਭਰਨ ਉਪਰੰਤ ਸ਼ੁਕਰਾਨੇ ਵਜੋਂ

# ਤਖ਼ਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਏ ਜੀਤਮਹਿੰਦਰ ਸਿੱਧੂ



**ਤਲਵੰਡੀ ਸਾਬੋ, 10 ਮਈ (ਗੁਰਜੰਟ ਸਿੰਘ ਨਥੇਹਾ)**- ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਜੋਂ ਅੱਜ ਬਠਿੰਡਾ ਵਿਖੇ ਡਿਪਟੀ ਕਮਿਸ਼ਨਰ ਕਮ ਚੋਣ ਅਧਿਕਾਰੀ ਕੋਲ ਆਪਣਾ ਨਾਮਜ਼ਦਗੀ ਪਰਚਾ ਦਾਖਿਲ ਕਰਨ ਉਪਰੰਤ ਜੀਤਮਹਿੰਦਰ ਸਿੰਘ ਸਿੱਧੂ ਜਿਲ੍ਹੇ ਦੇ ਕਾਂਗਰਸੀ ਆਗੂਆਂ ਅਤੇ ਵੱਡੀ ਗਿਣਤੀ ਕਾਂਗਰਸੀ ਵਰਕਰਾਂ ਸਮੇਤ ਸ਼ੁਕਰਾਨੇ ਵਜੋਂ ਸਿੱਖ ਕੌਮ ਦੇ ਚੌਥੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਏ। ਨਾਮਜ਼ਦਗੀ ਕਾਗਜ਼ ਦਾਖਲ ਕਰਨ ਉਪਰੰਤ ਸਿੱਧੂ ਦਾ ਤਖਤ ਸਾਹਿਬ ਵਿਖੇ ਵੱਡੀ ਗਿਣਤੀ ਚ ਇਕੱਤਰ ਹੋਏ ਕਾਂਗਰਸੀ ਵਰਕਰਾਂ ਨੇ ਸ਼ਾਨਦਾਰ ਸਵਾਗਤ ਕੀਤਾ। ਹਲਕਾ ਤਲਵੰਡੀ ਸਾਬੋ ਤੋਂ ਵੀ ਭਾਰੀ ਤਾਦਾਦ ’ਚ ਕਾਂਗਰਸੀ ਵਰਕਰਾਂ ਹਲਕਾ ਇੰਚਾਰਜ ਖੁਸ਼ਬਾਜ ਸਿੰਘ ਜਟਾਣਾ ਪ੍ਰਧਾਨ ਜਿਲ੍ਹਾ ਕਾਂਗਰਸ ਕਮੇਟੀ ਬਠਿੰਡਾ (ਦਿਹਾਤੀ) ਦੀ ਅਗਵਾਈ ਵਿੱਚ ਸਿੱਧੂ ਦੇ ਸਵਾਗਤ ਲਈ ਪੁੱਜੇ ਹੋਏ ਸਨ ਮੱਥਾ ਟੇਕਣ ਉਪਰੰਤ ਸਿੱਧੂ ਨੇ ਅਕਾਲ ਪੁਰਖ ਅੱਗੇ ਸ਼ੁਕਰਾਨੇ ਦੀ ਅਰਦਾਸ ਕੀਤੀ। ਉਨਾਂ ਨੇ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਵੀ ਮੱਥਾ ਟੇਕਿਆ।ਤਖਤ ਸਾਹਿਬ ਦੇ ਬਾਹਰ ਕਾਂਗਰਸੀ ਵਰਕਰਾਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਥੇਦਾਰ ਗੁਰਤੇਜ ਸਿੰਘ ਜੋਧਪੁਰ, ਨਗਰ ਕੌਂਸਲ ਰਾਮਾਂ ਦੇ ਸਾਬਕਾ ਪ੍ਰਧਾਨ ਕ੍ਰਿਸ਼ਨ ਕਾਲਾ ਸਮੇਤ ਹੋਰਨਾਂ ਆਗੂਆਂ ਨੇ ਸਿੱਧੂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੀਤਮਹਿੰਦਰ ਸਿੱਧੂ ਨੇ ਕਿਹਾ ਕਿ ਅੱਜ ਨਾਮਜ਼ਦਗੀ ਕਾਗਜ਼ ਦਾਖਿਲ ਕਰਵਾਉਣ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਸਮੁੱਚੀ ਲੀਡਰਸ਼ਿਪ ਤੋਂ ਇਲਾਵਾ ਜਿਵੇਂ ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਪਿਤਾ ਸ੍ਰ. ਬਲਕੌਰ ਸਿੰਘ ਵਿਸ਼ੇਸ ਤੌਰ ’ਤੇ ਪੁੱਜੇ ਉਸ ਨਾਲ ਵਿਸ਼ੇਸ ਮਾਣ ਮਹਿਸੂਸ ਕਰ ਰਿਹਾ ਹਾਂ। ਉਨਾਂ ਕਿਹਾ ਕਿ ਜੇਕਰ ਲੋਕਾਂ ਦੇ ਸਹਿਯੋਗ ਸਦਕਾ ਸੰਸਦ ਪੁੱਜਾ ਤਾਂ ਸਿੱਧੂ ਮੂਸੇਵਾਲਾ ਦੇ ਕਾਤਲਾਂ ਤੋਂ ਹਿਸਾਬ ਕਿਤਾਬ ਲੈਣਾ ਉਨਾਂ ਦਾ ਮੁੱਖ ਕਾਰਜ ਹੋਵੇਗਾ। ਇਸ ਮੌਕੇ ਸਿੱਧੂ ਨਾਲ ਉਨਾਂ ਦੇ ਸਪੁੱਤਰ ਗੁਰਬਾਜ਼ ਸਿੰਘ ਸਿੱਧੂ ਤੋਂ ਇਲਾਵਾ ਜਗਦੇਵ ਸਿੰਘ ਕਮਾਲੂ ਸਾਬਕਾ ਵਿਧਾਇਕ ਮੌੜ, ਸੀ.ਆਗੂ ਅਵਤਾਰ ਸਿੰਘ ਗੋਨਿਆਣਾ, ਰਣਜੀਤ ਸੰਧੂ ਸੂਬਾ ਜਨਰਲ ਸਕੱਤਰ ਯੂਥ ਕਾਂਗਰਸ, ਲਖਵਿੰਦਰ ਸਿੰਘ ਲੱਕੀ ਜਿਲ੍ਹਾ ਪ੍ਰਧਾਨ ਯੂਥ ਕਾਂਗਰਸ ਬਠਿੰਡਾ, ਨਵਦੀਪ ਸਿੰਘ ਗੋਲਡੀ ਗਿੱਲ ਬੁਲਾਰਾ ਯੂਥ ਕਾਂਗਰਸ, ਅਵਤਾਰ ਮੈਨੂੰਆਣਾ ਅਤੇ ਜਸਕਰਨ ਗੁਰੂਸਰ ਦੋਵੇਂ ਸਾਬਕਾ ਪ੍ਰਧਾਨ ਟਰੱਕ ਯੂਨੀਅਨ, ਹਰਬੰਸ ਸਿੰਘ ਸਾਬਕਾ ਕਾ. ਪ੍ਰਧਾਨ ਨਗਰ ਕੌਂਸਲ, ਸੁਖਬੀਰ ਸਿੰਘ ਚੱਠਾ, ਭਾਗ ਸਿੰਘ ਕਾਕਾ, ਤਰਸੇਮ ਲਾਲੇਆਣਾ, ਮਨਜੀਤ ਲਾਲੇਆਣਾ, ਐਡਵੋਕੇਟ ਜਗਦੀਪ ਪੂਨੀਆ, ਜਸਪਾਲ ਪਾਲਾ, ਦਿਲਪ੍ਰੀਤ ਜਗਾ, ਹਰਪਾਲ ਗਾਟਵਾਲੀ, ਮਨਪ੍ਰੀਤ ਸ਼ੇਖਪੁਰਾ, ਸੁਰਜੀਤ ਸ਼ਿੰਦੀ, ਗੁਰਮੀਤ ਠੇਕੇਦਾਰ ਜਗਾ ਆਦਿ ਆਗੂ ਮੌਜੂਦ ਸਨ।

ਲੋਕ ਸਭਾ ਹਲਕਾ ਲੁਧਿਆਣਾ ਤੋਂ ਬੀ ਜੇ ਪੀ ਦੇ ਉਮੀਦਵਾਰ

# ਰਵਨੀਤ ਸਿੰਘ ਬਿੱਟੂ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ



**ਲੁਧਿਆਣਾ, (ਵਰਿਆਮ ਹਠੂਰ)**-ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਕੇ ਬੀ ਜੇ ਪੀ ਵਿੱਚ ਜਾਣ ਵਾਲੇ ਲੋਕ ਸਭਾ ਹਲਕਾ ਲੁਧਿਆਣਾ ਤੋਂ ਬੀ ਜੇ ਪੀ ਦੇ ਉਮੀਦਵਾਰ ਸ: ਰਵਨੀਤ ਸਿੰਘ ਬਿੱਟੂ ਨੇ ਅੱਜ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ, ਨਾਮਜ਼ਦਗੀ ਦਾਖਲ ਕਰਨ ਤੋਂ ਪਹਿਲਾਂ ਭਾਰਤ ਨਗਰ ਚੌਂਕ ਤੋਂ ਲੈ ਕੇ ਆਗੂਆਂ, ਅਤੇ ਵਰਕਰਾਂ, ਵੋਟਰਾਂ ਅਤੇ ਸਪੋਟਰਾਂ ਨੇ ਵੱਡੀ ਗਿਣਤੀ ਵਿੱਚ ਆਪਣੀ ਹਾਜ਼ਰੀ ਭਰਕੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਦੇ ਹੱਕ ਵਿੱਚ ਖੜ੍ਹੇ ਹੋਣ ਦਾ ਤੇ ਮੋਢੇ ਨਾਲ ਮੋਢਾ ਲਾ ਕੇ ਚੱਲਣ ਦਾ ਭਰੋਸਾ ਦਵਾਇਆ, ਰੋਡ ਤੇ ਢੋਲ ਤੇ ਵੱਜਦੇ ਡੱਗਿਆਂ ਦੀਆਂ ਅਵਾਜ਼ਾਂ ਦੂਰ ਦੂਰ ਤੱਕ ਗੂੰਜਦੀਆਂ ਰਹੀਆਂ, ਤੇ ਹੱਥਾਂ ਵਿੱਚ ਬੀ ਜੇ ਪੀ ਦੇ ਝੰਡੇ ਚੁੱਕੀ ਸਪੋਟਰਾਂ ਨੇ ਬੀ ਜੇ ਪੀ ਜ਼ਿੰਦਾਬਾਦ, ਰਵਨੀਤ ਸਿੰਘ ਬਿੱਟੂ ਜਿੰਦਾਬਾਦ, ਪੀ ਐੱਮ ਮੋਦੀ ਜਿੰਦਾਬਾਦ ਦੇ ਨਾਅਰੇ ਵੀ ਲਗਾਏ, ਉਮੀਦਵਾਰ ਰਵਨੀਤ ਸਿੰਘ ਬਿੱਟੂ ਦੇ ਸਪੋਟਰ ਰੋਡ ਤੇ ਭੰਗੜੇ ਪਾਉਂਦੇ ਵੀ ਨਜ਼ਰ ਆਏ, ਤੇ ਖ਼ਾਸਕਰ ਹਿੰਦੂ ਭਾਈਚਾਰੇ ਦੇ ਚਿਹਰਿਆਂ ਤੇ ਵੀ ਖੁਸ਼ੀ ਦੀਆਂ ਛੱਲਾਂ ਵੱਜਦੀਆਂ ਸਾਫ਼ ਨਜ਼ਰ ਆ ਰਹੀਆਂ ਸਨ। ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਜੇਕਰ ਲੁਧਿਆਣਾ ਜ਼ਿਲ੍ਹੇ ਦੇ ਸੂਝਵਾਨ ਵੋਟਰ ਲੁਧਿਆਣਾ ਜ਼ਿਲ੍ਹੇ ਦਾ ਚੰਗਾ ਵਿਕਾਸ ਵੇਖਣਾ ਚਾਹੁੰਦੇ ਹਨ। ਲੁਧਿਆਣੇ ਦੀ ਤਰੱਕੀ ਅਤੇ ਖੁਸ਼ਹਾਲੀ ਵੇਖਣਾ ਚਾਹੁੰਦੇ ਹਨ। ਵਪਾਰੀ ਜਾਂ ਛੋਟੇ ਦੁਕਾਨਦਾਰ ਵੀ ਤਰੱਕੀ ਚਾਹੁੰਦੇ ਹਨ ਤਾਂ ਉਹ ਭਾਜਪਾ ਨੂੰ ਵੋਟ ਦੇਣ ਮੋਦੀ ਦੇ ਹੱਕ ਵਿੱਚ ਖੜ੍ਹਨ, ਅਸੀ ਲੁਧਿਆਣੇ ਦੀ ਤਰੱਕੀ ਲਈ ਜੋਰ ਲਾ ਦੇਵਾਂਗੇ, ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਕਾਂਗਰਸ ਦੇ ਉਮੀਦਵਾਰ ਰਾਜਾ ਵੜਿੰਗ ਬਾਰੇ ਬੋਲਦਿਆਂ ਕਿਹਾ ਕਿ ਉਹ ਬਾਹਰੀ ਉਮੀਦਵਾਰ ਹਨ। ਤੇ ਸ: ਬੇਅੰਤ ਸਿੰਘ ਦਾ ਪੋਤਾ ਰਵਨੀਤ ਬਿੱਟੂ ਤੁਹਾਡਾ ਲੋਕਲ ਭਾਜਪਾ ਵੱਲੋਂ ਉਮੀਦਵਾਰ ਹੈ। ਹੁਣ ਲੁਧਿਆਣੇ ਦੇ ਲੋਕਾਂ ਨੇ ਫ਼ੈਸਲਾ ਕਰਨਾ ਹੈ। ਤੇ ਆਪਣਾ ਕੀਮਤੀ ਵੋਟ ਸੋਚ ਸਮਝ ਕੇ ਦੇਣਾ ਹੈ। ਵੱਡੀ ਤਾਦਾਦ ਵਿੱਚ ਇਕੱਤਰ ਲ਼ੋਕਾਂ ਨੇ ਰਵਨੀਤ ਬਿੱਟੂ ਨੂੰ ਜਿਤਾਉਣ ਦਾ ਭਰੋਸਾ ਦਵਾਇਆ। ਬਾਲਮੀਕ ਸਭਾ ਦੇ ਚੇਅਰਮੈਨ ਸ੍ਰੀ ਗੇਜਾ ਰਾਮ ਨੇ ਗੱਲਬਾਤ ਕਰਦਿਆਂ ਕਿਹਾ ਕਿ ਭਾਜਪਾ ਨੂੰ ਵੋਟ ਦੇ ਕੇ ਤਰੱਕੀ ਅਤੇ ਖੁਸ਼ਹਾਲੀ ਦੇ ਰਾਹਾਂ ਤੇ ਚੱਲਣਾ ਹੈ। ਜੇਕਰ ਸੂਝਵਾਨ ਵੋਟਰ ਅਤੇ ਸਪੋਟਰ ਦਿਲੋਂ ਤਰੱਕੀ ਚਾਹੁੰਦੇ ਹਨ ਤਾਂ ਉਹ ਭਾਜਪਾ ਉਮੀਦਵਾਰ ਨੂੰ ਜਿਤਾ ਕੇ ਆਪਣਾ ਫ਼ਰਜ਼ ਅਦਾ ਕਰਨ ਤੇ ਲੁਧਿਆਣਾ ਸਪੀਡ ਨਾਲ ਤਰੱਕੀ ਦੇ ਰਾਹਾਂ ਤੇ ਹੋਵੇਗਾ, ਗੱਲਬਾਤ ਕਰਦਿਆਂ ਬੀ ਜੇ ਪੀ ਮੰਡਲ ਹਠੂਰ ਦੇ ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਹਠੂਰ ਨੇ ਕਿਹਾ ਕਿ ਉਮੀਦਵਾਰ ਰਵਨੀਤ ਸਿੰਘ ਬਿੱਟੂ ਯਕੀਨੀ ਜਿੱਤ ਪ੍ਰਾਪਤ ਕਰਨਗੇ। ਕਿਉਂਕਿ ਜ਼ਿਲ੍ਹਾ ਲੁਧਿਆਣਾ ਦਾ ਸੂਝਵਾਨ ਵੋਟਰ ਪਹਿਚਾਣ ਚੁੱਕਾ ਹੈ ਕਿ ਉਨ੍ਹਾਂ ਦੀ ਵੋਟ ਦਾ ਸਹੀ ਹੱਕਦਾਰ ਕੌਣ ਹੈ। ਬਾਹਰੋਂ ਪੈਰਾਸ਼ੂਟ ਰਾਹੀਂ ਉਤਾਰੇ ਕਾਂਗਰਸ ਪਾਰਟੀ ਦੇ ਉਮੀਦਵਾਰ ਰਾਜਾ ਵੜਿੰਗ ਨੂੰ ਵੀ ਲੋਕ ਬਾਹਰੀ ਉਮੀਦਵਾਰ ਕਰਕੇ ਵੋਟ ਦੇਣ ਤੋਂ ਪਰਹੇਜ਼ ਕਰਨਗੇ ਅੰਤ ਵਿੱਚ ਅਮਰਪ੍ਰੀਤ ਸਿੰਘ ਲਾਡੀ ਹਠੂਰ ਨੇ ਕਿਹਾ ਕਿ ਸੂਝਵਾਨ ਵੋਟਰ ਅਤੇ ਸਪੋਟਰ ਸ: ਰਵਨੀਤ ਸਿੰਘ ਬਿੱਟੂ ਨੂੰ ਜਿਤਾਉਣ ਲਈ ਪੱਬਾਂ ਭਾਰ ਹੋਏ ਪਏ ਹਨ। ਇਸ ਮੌਕੇ ਬਾਲਮੀਕੀ ਸਭਾ ਦੇ ਚੇਅਰਮੈਨ ਸ੍ਰੀ ਗੇਜਾ ਰਾਮ, ਜ਼ਿਲ੍ਹਾ ਪ੍ਰਧਾਨ ਕਰਨਲ ਇੰਦਰ ਸਿੰਘ, ਬ੍ਰਿਜ ਲਾਲ ਸ਼ਰਮਾ ਜ਼ਿਲ੍ਹਾ ਜਨਰਲ ਸਕੱਤਰ, ਬੀ ਜੇ ਪੀ ਦੇ ਮੰਡਲ ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਹਠੂਰ, ਕੇਵਲ ਸਿੰਘ ਹਠੂਰ, ਮੰਡਲ ਹਠੂਰ ਤੋਂ ਸਾਬਕਾ ਜਨਰਲ ਸਕੱਤਰ ਗੁਰਜੰਟ ਸਿੰਘ ਹਠੂਰ, ਮੇਜਰ ਸਿੰਘ ਦੇਤਵਾਲ, ਪ੍ਰਧਾਨ ਜਗਜੀਵਨ ਸਿੰਘ ਰਕਬਾ, ਗੁਰਜੀਤ ਕੌਰ ਗਾਲਿਬ ਜ਼ਿਲ੍ਹਾ ਪ੍ਰਧਾਨ ਮਹਿਲਾ ਮੋਰਚਾ, ਸਾਬਕਾ ਤਹਿਸੀਲਦਾਰ ਕਨਵਰ ਨਰਿੰਦਰ ਸਿੰਘ, ਗੁਰਚਰਨ ਸਿੰਘ ਰਾਜਾ ਮੱਲ੍ਹਾ ਮੰਡਲ ਪ੍ਰਧਾਨ ਕਾਉਂਕੇ, ਹਰਪਾਲ ਸਿੰਘ ਪਾਲਾ ਜਨ ਸਕੱਤਰ ਹਠੂਰ ਮੰਡਲ, ਸਮੇਤ ਵੱਡੀ ਗਿਣਤੀ ਵਿੱਚ ਅਨੇਕਾਂ ਆਗੂ ਅਤੇ ਵਰਕਰ ਹਾਜ਼ਰ ਸਨ।

> **ਲੁਧਿਆਣਾ ਦੇ ਲੋਕ ਜ਼ਿਲ੍ਹਾ ਲੁਧਿਆਣਾ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਬੀ ਜੇ ਪੀ ਨੂੰ ਵੋਟ ਦੇਣ : ਰਵਨੀਤ ਸਿੰਘ ਬਿੱਟੂ**

# ਦਮਦਮੀ ਟਕਸਾਲ ਵੱਲੋਂ ਨੌਵੇ ਦਿਨ ਦੇ ਸ਼ਹੀਦੀ ਦੀਵਾਨ ਪਿੰਡ ਧਰਦਿਓ ਵਿਖੇ ਸਜੇ







**ਚੌਕ ਮਹਿਤਾ,10 ਮਈ(ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਮਹਿਤਾ ਵੱਲੋਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ 6 ਜੂਨ ਨੂੰ ਟਕਸਾਲ ਹੈੱਡ ਕੁਆਟਰ ਗੁ.ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਮਨਾਈ ਜਾ ਰਹੀ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦੀ ਦੀ 40ਵੀਂ ਸ਼ਹੀਦੀ ਵਰ੍ਹੇਗੰਢ ਦੇ ਚੱਲਦਿਆਂ 1 ਮਈ ਤੋਂ ਵੱਖ ਵੱਖ ਨਗਰਾਂ ‘ਚ ਆਰੰਭ ਕੀਤੇ ਗਏ ਸ਼ਬਦ ਕੀਰਤਨ ਤੇ ਕਥਾ ਸਮਾਗਮ ਦੀ ਲੜੀ ਤਹਿਤ ਬੀਤੀਂ ਸ਼ਾਮ ਨੂੰ 8ਵਾਂ ਸ਼ਹੀਦੀ ਦੀਵਾਨ ਪਿੰਡ ਧਰ ਦਿਉ ਵਿਖੇ ਸਜਾਇਆ ਗਿਆ। ਸਮਾਗਮ ਦੌਰਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਥਾ ਵਿਚਾਰ ਕਰਦਿਆਂ ਸੂਰਜ ਪ੍ਰਕਾਸ਼ ਗਰੰਥ ‘ਚੋਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜਵਿਨ ਨਾਲ ਸਬੰਧਤ ਪ੍ਰਸੰਗ ਸੰਗਤਾਂ ਨੂੰ ਸਰਵਣ ਕਰਾਇਆ।ਇਸ ਮੌਕੇ ਦਮਦਮੀ ਟਕਸਾਲ ਦੇ ਵਿਦਿਆਰਥੀ ਭਾਈ ਸਿਮਰਨਜੀਤ ਸਿੰਘ ਤੇ ਭਾਈ ਲਵਜੀਤ ਸਿੰਘ ਦੇ ਰਾਗੀ ਜਥੇ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ,ਜਦਕਿ ਮੰਚ ਸੰਚਾਲਨ ਦੀ ਸੇਵਾ ਪ੍ਰਿੰ. ਗੁਰਦੀਪ ਸਿੰਘ ਰੰਧਾਵਾ ਤੇ ਪੋਥੀ ਪਾਠ ਦੀ ਸੇਵਾ ਭਾਈ ਸਤਨਾਮ ਸਿੰਘ ਵੱਲੋਂ ਨਿਭਾਈ ਗਈ। ਸਮਾਗਮ ‘ਚ ਜਥੇ.ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ, ਜਥੇਦਾਰ ਸੁਖਦੇਵ ਸਿੰਘ, ਜਥੇਦਾਰ ਬਾਬਾ ਬੋਹੜ ਸਿੰਘ, ਗਿਆਨੀ ਸਾਹਿਬ ਸਿੰਘ,ਸਵਿੰਦਰ ਸਿੰਘ ਬਾਸਰਪੁਰ, ਡਾ, ਜਸਮੇਲ ਸਿੰਘ ਬਾਸਰਪੁਰ, ਪਰਧਾਨ ਸਤਨਾਮ ਸਿੰਘ,ਸਰਬਜੀਤ ਸਿੰਘ ਗੁਰਮੁੱਖ ਸਿੰਘ, ਗੁਰਮੀਤ ਸਿੰਘ,, ਸਵਿੰਦਰ ਸਿੰਘ, ਡਾ, ਮਨਜੀਤ ਸਿੰਘ, ਬਲਦੇਵ ਸਿੰਘ ਬੰਬੇ ਵਾਲੇ, ਸੁਰਜੀਤ ਸਿੰਘ, ਅਜਮੇਰ ਸਿੰਘ ਵਿਛੋੜਾ ਸਾਹਿਬ ਵਾਲੇ,ਲਖਵਿੰਦਰ ਸਿੰਘ,ਡਾ. ਅਵਤਾਰ ਸਿੰਘ ਬੁੱਟਰ ਤੇ ਪ੍ਰਿੰ. ਹਰਸ਼ਦੀਪ ਸਿੰਘ ਰੰਧਾਵਾ ਆਦਿ ਤੋਂ ਇਲਾਵਾ ਵੱਡੀ ਗਿਣਤੀ ‘ਚ ਸੰਗਤਾਂ ਹਾਜ਼ਰ ਸਨ।

# ਖਡੂਰ ਸਾਹਿਬ ਤੋਂ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਆਪਣਾ ਕੀਮਤੀ ਵੋਟ ਦਿਉ : ਰਾਜਾ ਮਾਣੂੰਕੇ



ਜਗਰਾਉਂ/ਲੁਧਿਆਣਾ -(ਵਰਿਆਮ ਹਠੂਰ) ਚੋਣਾਂ ਦਾ ਬਿਗਲ ਵੱਜਣ ਤੋਂ ਬਾਅਦ ਵੱਖ ਵੱਖ ਪਾਰਟੀਆਂ ਦੇ ਉਮੀਦਵਾਰ ਆਪੋ ਆਪਣੇ ਚੋਣ ਪ੍ਰਚਾਰ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਪਰ ਜੇ ਹਲਕਾ ਖੰਡੂਰ ਸਾਹਿਬ ਦੀ ਗੱਲ ਕਰੀਏ ਤਾਂ ਹਲਕਾ ਖੰਡੂਰ ਸਾਹਿਬ ਦੇ ਸੂਝਵਾਨ ਵੋਟਰ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਆਪਣਾ ਕੀਮਤੀ ਵੋਟ ਦੇਣ ਜੋ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਹੈ। ਇਹ ਨਾਂ ਹੋਵੇ ਕਿ ਜਿਸ ਤਰ੍ਹਾਂ ਪਹਿਲਾਂ ਪੰਥਕ ਉਮੀਦਵਾਰ ਬੀਬੀ ਖਾਲੜਾ ਨੂੰ ਹਰਾ ਕੇ ਅਸੀਂ ਮਿਹਣਾ ਖੱਟਿਆ ਤੇ ਇਸ ਵਾਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਹਰਾ ਕੇ ਮਹਿਣਿਆਂ ਨਾਲ ਝੋਲੀ ਨਾਂ ਭਰ ਲਿਉ, ਸਮੂਹ ਪੰਥਕ ਸੋਚ ਰੱਖਣ ਵਾਲੇ ਅਤੇ ਹੋਰ ਹਲਕੇ ਦੇ ਸੂਝਵਾਨ ਵੋਟਰ ਭਾਈ ਅੰਮ੍ਰਿਤਪਾਲ ਸਿੰਘ ਜੀ ਖ਼ਾਲਸਾ ਨੂੰ ਜਿਤਾਉਣ ਲਈ ਆਪਣਾ ਇੱਕ ਇੱਕ ਕੀਮਤੀ ਵੋਟ ਦੇ ਕੇ ਆਪਣਾ ਫ਼ਰਜ਼ ਅਦਾ ਕਰੋ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਮਰਹੂਮ ਦੀਪ ਸਿੱਧੂ ਦੇ ਸਪੋਟਰ ਭਾਈ ਜਗਰਾਜ ਸਿੰਘ ਰਾਜਾ ਮਾਣੂੰਕੇ ਨੇ ਖ਼ਾਸ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਕਿ ਵੈਸੇ ਤਾਂ ਹਲਕਾ ਖੰਡੂਰ ਸਾਹਿਬ ਦੀ ਹਵਾ ਹਾਲ ਦੀ ਘੜੀ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਚੱਲ ਰਹੀ ਹੈ। ਤੇ ਵੱਖ ਵੱਖ ਪੰਥਕ ਜਥੇਬੰਦੀਆਂ ਅਤੇ ਇਨਸਾਫ਼ ਪਸੰਦ ਲੋਕ ਭਾਈ ਅੰਮ੍ਰਿਤਪਾਲ ਸਿੰਘ ਦੇ ਚੋਣ ਪ੍ਰਚਾਰ ਲਈ ਹਲਕਾ ਖੰਡੂਰ ਸਾਹਿਬ ਵਿੱਚ ਦਿਨ ਰਾਤ ਇੱਕ ਕਰ ਰਹੇ ਹਨ। ਹਰ ਕੋਈ ਚਾਹੁੰਦਾ ਹੈ ਕਿ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਜਿਤਾਇਆ ਜਾਵੇ ਤੇ ਉਹ ਜਿੱਤ ਕੇ ਜੇਲ੍ਹ ਤੋਂ ਬਾਹਰ ਆ ਕੇ ਮੁੜ ਤੋਂ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਤੇ ਸਿੱਖੀ ਨਾਲ ਜੋੜਨ ਲਈ ਆਪਣਾ ਅਹਿਮ ਰੋਲ ਅਦਾ ਕਰਨ, ਅੰਤ ਵਿੱਚ ਜਗਰਾਜ ਸਿੰਘ ਰਾਜਾ ਮਾਣੂੰਕੇ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਯਕੀਨੀ ਜਿੱਤ ਪ੍ਰਾਪਤ ਕਰਨਗੇ।

ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਹੱਕ ਵਿੱਚ ਮਾਤਾ ਬਲਵਿੰਦਰ ਕੌਰ ਜੀ ਵੱਡੇ ਕਾਫ਼ਲੇ ਨਾਲ

# ਵੱਖ-ਵੱਖ ਪਿੰਡਾਂ ਚ ਪ੍ਰਚਾਰ ਕਰਦਿਆਂ ਹੋਇਆਂ ਪਿੰਡ ਤਾਰਾਗੜ੍ਹ ਵਿਖੇ ਪਹੁੰਚੇ




**ਜੰਡਿਆਲਾ ਗੁਰੂ, 10 ਮਈ ( ਕੁਲਵੰਤ ਸਿੰਘ ਵਿਰਦੀ)-** ਲੋਕ ਸਭਾ ਚੋਣਾਂ ਦਾ ਬਿਗੁਲ ਵੱਜਣ ਤੋਂ ਬਾਅਦ ਵੱਖ ਵੱਖ ਪਾਰਟੀਆਂ ਵੱਲੋਂ ਆਪਣੇ ਆਪਣੇ ਉਮੀਦਵਾਰਾਂ ਚੋਣ ਮੈਦਾਨ ਵਿੱਚ ਉਤਾਰੇ ਗਏ ਹਨ ਅਤੇ ਉੱਥੇ ਦੂਜੇ ਪਾਸੇ ਆਜ਼ਾਦ ਉਮੀਦਵਾਰ ਵਜੋਂ ਵਾਰਿਸ ਪੰਜਾਬ ਦੇ ਮੁੱਖੀ ਭਾਈ ਅੰਮ੍ਰਿਤਪਾਲ ਸਿੰਘ ਜੀ ਖਾਲਸਾ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਹਲਕੇ ਤੋਂ ਐਮ ਪੀ ਦੀ ਟਿਕਟ ਤੇ ਇਲੈਕਸ਼ਨ ਲੜ ਰਹੇ ਹਨ ਜਿਸ ਦੇ ਚੱਲਦਿਆਂ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਮਾਤਾ ਬਲਵਿੰਦਰ ਕੌਰ ਜੀ ਅਤੇ ਉਨ੍ਹਾਂ ਦੇ ਨਾਲ ਭਾਈ ਸਾਹਬ ਦੇ ਚਾਚਾ ਜੀ ਭਾਈ ਪਲਵਿੰਦਰ ਸਿੰਘ ਬਲਵੰਤ ਸਿੰਘ, ਬਾਬਾ ਬਿਬੇਕ ਸਿੰਘ ਮੁੱਖੀ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਵਾਲੇ ਵੱਡੇ ਕਾਫਲੇ ਦੇ ਨਾਲ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਚੋਣ ਪ੍ਰਚਾਰ ਕਰਦਿਆਂ ਹੋਇਆਂ ਹਲਕੇ ਦੇ ਪਿੰਡ ਤਾਰਾਗੜ੍ਹ ਵਿਖੇ ਪਹੁੰਚੇ ਜਿੱਥੇ ਉਨ੍ਹਾਂ ਦੇ ਪਹੁੰਚਣ ਤੇ ਸਾਬਕਾ ਪੰਚਾਇਤ ਮੈਂਬਰ ਪ੍ਰੇਮ ਸਿੰਘ,ਸੇਵਾ ਸਿੰਘ USA,ਬਾਬਾ ਤਾਰਾ ਸਿੰਘ,ਸੁਖਰਾਜ ਸਿੰਘ ਰਾਜੂ ਨੰਬਰਦਾਰ, ਰਣਜੀਤ ਸਿੰਘ ਰਾਣਾ, ਸੋਨੂੰ ਸੈਂਟਰੀਵਾਲਾ,ਗੋਲਡੀ ਮਿਸਤਰੀ, ਜਗਜੀਤ ਸਿੰਘ ਬੇਕਰੀ ਵਾਲੇ, ਹਰਪਾਲ ਸਿੰਘ,ਦਲਜੀਤ ਸਿੰਘ ਬੱਬੂ,ਕਾਲਾ ਸਰਪੰਚ, ਕੁਲਦੀਪ ਸਿੰਘ ਸੋਨਾ ਹਾਂਡਾ, ਸੋਨੂੰ ਰਾਮਗੜ੍ਹੀਆ,ਆਦਿ ਪਿੰਡ ਵਾਸੀਆਂ ਵੱਲੋਂ ਸਿਰਪਾਓ ਪਾ ਕਿ ਜੈਕਾਰਿਆਂ ਦੀ ਗੂੰਜ ਨਾਲ ਸਤਿਕਾਰ ਅਤੇ ਜੀ ਆਇਆਂ ਆਖਿਆ 9 ਇਸ ਮੌਕੇ ਮਾਤਾ ਬਲਵਿੰਦਰ ਕੌਰ ਜੀ ਨੇ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਭਾਈ ਸਾਹਬ ਨੇ ਪੰਜਾਬ ਦੇ ਨੌਜਵਾਨ ਜੋ ਕੁਰਾਹੇ ਪੈ ਚੁੱਕੇ ਹਨ ਉਨ੍ਹਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਬਾਹਰ ਕੱਢਣ ਲਈ ਅਤੇ ਅਨੇਕਾਂ ਮਸਲੇ ਪੰਜਾਬ ਨਾਲ ਸਬੰਧਤ ਹਨ ਉਨ੍ਹਾਂ ਨੂੰ ਹੱਲ ਕਰਨ ਲਈ ਅਤੇ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਜੇਲ੍ਹ ਵਿੱਚੋਂ ਬਾਹਰ ਲਿਆਉਣ ਲਈ ਪਿੰਡ ਵਿਚ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦਿਆਂ ਹੋਇਆਂ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਵੱਧ ਤੋਂ ਵੱਧ ਵੋਟਾਂ ਪਾ ਕਿ ਆਪਣਾ ਫਰਜ਼ ਨਿਭਾਓ ਅੱਗੇ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਚਾਚਾ ਭਾਈ ਪਲਵਿੰਦਰ ਸਿੰਘ ਜੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਜੀ ਦਾ ਦੁਬਈ ਵਿੱਚ ਵਧੀਆ ਕਾਰੋਬਾਰ ਸੀ ਅਤੇ ਉਹ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਸਨ ਲੇਕਿਨ ਉਨਾਂ ਨੂੰ ਪੰਜਾਬ ਦੀਆਂ ਰੌਂਦੀਆ ਮਾਵਾਂ ਦਾ ਦਰਦ ਮਹਿਸੂਸ ਹੋਇਆ ਅਤੇ ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਨੌਜਵਾਨਾਂ ਨੂੰ ਨਸ਼ੇ ਛੁਡਵਾ ਕੇ ਅੰਮ੍ਰਿਤ ਛਕਾਉਣ ਲਈ ਪ੍ਰੇਰਿਤ ਕੀਤਾ ਗਿਆ ਲੇਕਿਨ ਹਕੂਮਤ ਨੂੰ ਇਹ ਗੱਲਾਂ ਮਨਜ਼ੂਰ ਨਾ ਹੋਈਆਂ ਅਤੇ ਭਾਈ ਅੰਮ੍ਰਿਤਪਾਲ ਸਿੰਘ ਜੀ ਅਤੇ ਹੋਰ ਨਾਲ ਨੌਂ ਸਿੰਘਾਂ ਉੱਪਰ ਐਨ ਐਸ ਏ ਦੇ ਅਧੀਨ ਡਿਬਰੂਗੜ੍ਹ ਜੇਲ੍ਹ ਆਸਾਮ ਵਿੱਚ ਬੰਦੀ ਬਣਾ ਕੇ ਰੱਖਿਆ ਹੋਇਆ ਹੈ ਉਨ੍ਹਾਂ ਨੂੰ ਬਾਹਰ ਕੱਢਣ ਲਈ ਅਤੇ ਨੌਜਵਾਨੀ ਕਿਸਾਨੀ ਪੰਜਾਬ ਦੇ ਵਪਾਰ ਨੂੰ ਬਚਾਉਣ ਲਈ ਆਪਣੀ ਵੋਟ ਦਾ ਇਸਤੇਮਾਲ ਕਰਕੇ ਆਪਣਾ ਬਣਦਾ ਯੋਗਦਾਨ ਪਾਓ ਇਸ ਮੌਕੇ ਵਿਸ਼ੇਸ਼ ਤੌਰ ਪਿੰਡ ਤਾਰਾਗੜ੍ਹ ਵਾਸੀਆਂ ਵਿੱਚ ਭਾਰੀ ਉਤਸ਼ਾਹ ਵੇਖਿਆ ਗਿਆ ਅਤੇ ਵੋਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਹੱਕ ਵਿੱਚ ਭੁਗਤਾਉਣ ਲਈ ਵਾਅਦਾ ਕੀਤਾ।

### ਪਿੰਡ ਤਾਰਾਗੜ੍ਹ ਵਾਸੀਆਂ ਵੱਲੋਂ ਸਿਰਪਾਓ ਪਾ ਕਿ ਭਰਵਾਂ ਸਵਾਗਤ ਕੀਤਾ ਗਿਆ

# ਜਿਲਾ ਚੋਣ ਅਧਿਕਾਰੀ ਵੱਲੋਂ ਵੋਟ ਗਿਣਤੀ ਕੇਂਦਰਾਂ ਦਾ ਨਿਰੀਖਣ ਸ਼ੁਰੂ, ਮਜੀਠਾ ਵਿਧਾਨ ਸਭਾ ਹਲਕੇ ਦੇ ਗਿਣਤੀ ਕੇਂਦਰ ਦਾ ਕੀਤਾ ਦੌਰਾ



**ਅੰਮ੍ਰਿਤਸਰ, 10 ਮਈ ( ਕੁਲਵੰਤ ਸਿੰਘ ਵਿਰਦੀ)-**ਜਿਲਾ ਚੋਣ ਅਧਿਕਾਰੀ ਸ੍ਰੀ ਘਨਸ਼ਾਮ ਥੋਰੀ ਵੱਲੋਂ ਅੱਜ ਵੋਟ ਕੇਂਦਰਾਂ ਵਿੱਚ ਵੋਟਾਂ ਦੀ ਹੋਣ ਵਾਲੀ ਗਿਣਤੀ ਦੌਰਾਨ ਕੀਤੇ ਜਾਣ ਵਾਲੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਮਜੀਠਾ ਵਿਧਾਨ ਸਭਾ ਹਲਕੇ ਦੇ ਗਿਣਤੀ ਕੇਂਦਰ ਜੋ ਕਿ ਮਾਈ ਭਾਗੋ ਕਾਲਜ ਲੜਕੀਆਂ ਵਿਖੇ ਹੈ, ਦੇ ਪ੍ਰਬੰਧ ਵੇਖਣ ਲਈ ਦੌਰਾ ਕੀਤਾ। ਇਸ ਮੌਕੇ ਉਨਾਂ ਨਾਲ ਐਸ ਡੀ ਐਮ ਮਜੀਠਾ ਡਾ ਹਰਨੂਰ ਕੌਰ ਢਿਲੋਂ , ਐਕਸੀਅਨ ਸ੍ਰੀ ਰਾਜੀਵ ਕੁਮਾਰ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ। ਜਿਲਾ ਚੋਣ ਅਧਿਕਾਰੀ ਨੇ ਵੋਟਿੰਗ ਮਸ਼ੀਨਾਂ ਰੱਖਣ ਲਈ ਬਣਾਏ ਗਏ ਸਟਰਾਂਗ ਰੂਮ ਦੀ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਹਦਾਇਤ ਕੀਤੀ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸੁਰੱਖਿਆ , ਸੀ ਸੀ ਟੀ ਵੀ ਕੈਮਰੇ ਆਦਿ ਦੇ ਪ੍ਰਬੰਧ ਕੀਤੇ ਜਾਣੇ ਯਕੀਨੀ ਬਣਾਏ ਜਾਣ। ਉਨਾਂ ਕਿਹਾ ਕਿ ਮਸ਼ੀਨਾਂ ਦੀ ਸੁਰੱਖਿਆ ਲਈ ਤੈਅ ਨਿਯਮਾਂ ਦੀ ਇੰਨ ਬਿੰਨ ਪਾਲਣਾ ਜ਼ਰੂਰੀ ਹੈ। ਉਨਾਂ ਇਸ ਤੋਂ ਇਲਾਵਾ ਗਿਣਤੀ ਕੇਂਦਰ ਤੱਕ ਵੋਟਿੰਗ ਮਸ਼ੀਨਾਂ ਲਿਜਾਣ ਅਤੇ ਗਿਣਤੀ ਦੌਰਾਨ ਮਸ਼ੀਨ ਦੇ ਖੋਲਣ ਤੋਂ ਲੈ ਕੇ ਵੋਟਾਂ ਦਾ ਜੋੜ ਕਰਨ ਤੇ ਐਲਾਨ ਕਰਨ ਤੱਕ ਦੇ ਸਾਰੇ ਪ੍ਰਬੰਧਾਂ ਦੀ ਸਮੀਖਿਆ ਕੀਤੀ। ਉਨਾਂ ਕਿਹਾ ਕਿ ਵੋਟਾਂ ਦੀ ਗਿਣਤੀ ਵਾਲੇ ਦਿਨ ਮੌਸਮ ਨੂੰ ਧਿਆਨ ਵਿੱਚ ਰੱਖਦੇ ਗਿਣਤੀ ਵਿੱਚ ਲੱਗੇ ਕਰਮਚਾਰੀਆਂ, ਸੁਰੱਖਿਆ ਅਮਲੇ ਅਤੇ ਉਮੀਦਵਾਰਾਂ ਦੇ ਚੋਣ ਏਜੰਟ ਜੋ ਕਿ ਗਿਣਤੀ ਵੇਲੇ ਹਾਜ਼ਰ ਹੋਣਗੇ ਲਈ ਗਰਮੀ ਨੂੰ ਧਿਆਨ ਵਿੱਚ ਰੱਖਦੇ ਹੋਏ ਪੱਖੇ, ਕੂਲਰ, ਛਾਂ ਅਤੇ ਪੀਣ ਵਾਲੇ ਪਾਣੀ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣ। ਜਿਲਾ ਚੋਣ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਜਿਲੇ ਵਿੱਚ ਵੋਟਾਂ ਇਕ ਜੂਨ ਨੂੰ ਪੈਣੀਆਂ ਹਨ ਅਤੇ ਗਿਣਤੀ 4 ਜੂਨ ਨੂੰ ਹੋਣੀ ਹੈ, ਨੂੰ ਧਿਆਨ ਵਿੱਚ ਰੱਖਦੇ ਹੋਏ ਐਡਵਾਂਸ ਵਿੱਚ ਸਾਰੇ ਪ੍ਰਬੰਧ ਕਰ ਲਏ ਜਾਣ, ਕਿਉਂਕਿ ਵੋਟਾਂ ਉਪਰੰਤ ਕੇਵਲ ਦੋ ਦਿਨ ਸਾਨੂੰ ਮਿਲਣੇ ਹਨ ਜਿਸ ਵਿੱਚ ਸਾਰੇ ਪ੍ਰਬੰਧ ਪੂਰੇ ਕਰਨੇ ਔਖੇ ਹੋਣਗੇ, ਸੋ ਜ਼ਿਆਦਾਤਰ ਤਿਆਰੀ ਵੋਟਾਂ ਤੋਂ ਪਹਿਲਾਂ ਕਰਨ ਨੂੰ ਤਰਜੀਹ ਦਿੱਤੀ ਜਾਵੇ।

## ਆਮ ਆਦਮੀ ਪਾਰਟੀ ਦੇ ਯੂਥ ਆਗੂ ਸਾਬੀ ਜਰਖੜ ਤੇ ਕਾਤਲਾਨਾ ਹਮਲਾ, ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ



**ਲੁਧਿਆਣਾ ਨਕੋਦਰ ਮਹਿਤਪੁਰ 10 ਮਈ (ਹਰਜਿੰਦਰ ਪਾਲ ਛਾਬੜਾ)** -ਆਮ ਆਦਮੀ ਪਾਰਟੀ ਦੇ ਯੂਥ ਆਗੂ ਅਤੇ ਬਲਾਕ ਪ੍ਰਧਾਨ ਸਾਹਿਬਜੀਤ ਸਿੰਘ ਉਰਫ ਸਾਬੀ ਜਰਖੜ ਤੇ ਬੀਤੀ ਰਾਤ ਉਸ ਵੇਲੇ ਕਾਤਲਾਨਾ ਹਮਲਾ ਹੋਇਆ ਜਦੋਂ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੇ ਬੇਟੇ ਦੀ ਵਿਆਹ ਦੀ ਪਾਰਟੀ ਦਾ ਇ ?ਕ ਸਮਾਗਮ ਚੱਲ ਰਿਹਾ ਸੀ ਤਾਂ ਉਸ ਵੇਲੇ ਦੋਸ਼ੀ ਚਰਨਜੀਤ ਸਿੰਘ ਬੁਲਾਰਾ, ਉਸਦਾ ਬੇਟਾ ਬਿੰਨੀ ਬੁਲਾਰਾ ਅਤੇ ਹੋਰ 10 ਅਣਪਛਾਤੇ ਵਿਅਕਤੀਆਂ ਨੇ ਤੇਜਧਾਰ ਹਥਿਆਰਾਂ ਨਾਲ ਅਚਾਨਕ ਹਮਲਾ ਕਰ ਦਿੱਤਾ । ਸਾਹਿਬ ਜੀਤ ਸਿੰਘ ਦੇ ਸਿਰ ਦੇ ਉੱਤੇ ਹਮਲਾਵਰਾਂ ਨੇ ਡੂੰਘੀਆਂ ਸੱਟਾਂ ਮਾਰੀਆਂ । ਸਾਹਿਬ ਜੀਤ ਸਿੰਘ ਸਾਬੀ ਨੂੰ ਉਹਦੇ ਸਾਥੀਆਂ ਨੇ ਤੁਰੰਤ ਸਥਾਨਕ ਦਿਆਨੰਦ ਹਸਪਤਾਲ ਦੇ ਵਿੱਚ ਭਰਤੀ ਕਰਵਾਇਆ। ਜਿੱਥੇ ਉਹ ਜੇਰੇ ਇਲਾਜ ਅਧੀਨ ਹੈ । ਥਾਣਾ ਸਦਰ ਲੁਧਿਆਣਾ ਦੀ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਦੋਸ਼ੀਆਂ ਖਿਲਾਫ ਧਾਰਾ 307, 295 , 323 ,341 506 148 149 ਆਈਪੀਸੀ ਮੁਕ ?ਦਮਾ ਦਰਜ ਕਰਕੇ ਮੁੱਖ ਦੋਸ਼ੀ ਚਰਨਜੀਤ ਸਿੰਘ ਬਲਾਰਾ ਅਤੇ ਬਿੰਨੀ ਬੁਲਾਰਾ ਨੂੰ ਤੁਰੰਤ ਗ੍ਰਿਫਤਾਰ ਕਰ ਲਿਆ ਹੈ ,ਅਤੇ ਬਾਕੀ ਦੋਸ਼ੀਆਂ ਦੀ ਭਾਲ ਪਲਿਸ ਵੱਲੋਂ ਤੇਜ਼ੀ ਨਾਲ ਜਾਰੀ ਹੈ ਆਪ ਪਾਰਟੀ ਦੇ ਸੀਨੀਅਰ ਆਗੂ ਜਗਰੂਪ ਸਿੰਘ ਜਰਖੜ, ਸੋਨੂ ਗਿੱਲ, ਪਰਮਿੰਦਰ ਸਿੰਘ ਲਲਤੋਂ ਕਲਾਂ , ਜਸਵਿੰਦਰ ਸਿੰਘ ਜੱਸੀ, ਰਵਿੰਦਰ ਸਿੰਘ ਰਵੀ ਝੰਮਟ ਆਦਿ ਹੋਰ ਆਗੂਆਂ ਨੇ ਸਾਹਿਬਜੀਤ ਸਿੰਘ ਸਾਬੀ ਦੀ ਸਿਹਤ ਦੀ ਤੰਦਰੁਸਤੀ ਦੀ ਕਾਮਨਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਜਿਲਾ ਪ੍ਰਸ਼ਾਸਨ ਤੋਂ ਦੋਸ਼ੀਆ ਖਿਲਾਫ ਸਖਤ ਕਾਰਵਾਈ ਤੇ ਕਰੜੀ ਸਜ਼ਾ ਦੇਣ ਦੀ ਮੰਗ ਕੀਤੀ ਹੈ ।

ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਇੱਕ ਕਾਬਲ ਇਨਸਾਨ - ਡਾਕਟਰ ਐਸ ਜੈ ਸ਼ੰਕਰ

# ਤਰਨਜੀਤ ਸਿੰਘ ਸੰਧੂ ਨੇ ਅੰਮ੍ਰਿਤਸਰ 'ਚ ਅਮਰੀਕਨ ਕੌਂਸਲੇਟ ਖੋਲਣ ਦੀ ਮੰਗ ਕੀਤੀ

**ਅੰਮ੍ਰਿਤਸਰ 10 ਮਈ (ਆਵਾਜ਼ਿ ਕੌਮ ਬਿਊਰੋ)**-ਵਿਦੇਸ਼ ਮੰਤਰੀ ਡਾਕਟਰ ਐਸ ਜੈ ਸ਼ੰਕਰ ਨੇ ਕਿਹਾ ਕਿ ਅੰਮ੍ਰਿਤਸਰ ਦੇ ਲੋਕਾਂ ਵਿੱਚ ਇਥੇ ਅਮਰੀਕਨ ਕੌਂਸਲੇਟ ਖੋਲ੍ਹਣ ਬਾਰੇ ਪੂਰੀ ਦਿਲਚਸਪੀ ਹੈ । ਉਹਨਾਂ ਕਿਹਾ ਕਿ ਹੁਣ ਤੱਕ ਕਿਸੇ ਵੀ ਪਾਰਟੀ ਦੇ ਨੁਮਾਇੰਦੇ ਨੇ ਇਸ ਬਾਰੇ ਮੰਗ ਨਹੀਂ ਰੱਖੀ ਹੈ। ਇਹ ਪਹਿਲੀ ਵਾਰ ਹੈ ਕਿ ਸਾਬਕਾ ਰਾਜਦੂਤ ਅਤੇ ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਇਹ ਮੰਗ ਰੱਖੀ ਹੈ। ਹੁਣ ਦੇਖਣਾ ਇਹ ਹੈ ਕਿ ਅੰਮ੍ਰਿਤਸਰ ਦੇ ਕੇਸ ਬਾਰੇ ਕੌਣ ਠੀਕ ਤਰੀਕੇ ਨਾਲ ਵਕਾਲਤ ਕਰਦਾ ਹੈ । ਡਾਕਟਰ ਜੈਸ਼ੰਕਰ ਅੱਜ ਇੱਥੇ ਆਰਟ ਗੈਲਰੀ ਵਿਖੇ ਬੁੱਧੀਜੀਵੀਆਂ ਦੀ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਉਹਨਾਂ ਕਿਹਾ ਕਿ ਯਕੀਨਨ ਵਿਕਸਿਤ ਭਾਰਤ ਬਣੇਗਾ, ਜੇਕਰ ਲੋਕ ਚੋਣਾਂ 'ਚ ਠੀਕ ਬਟਨ ਦਬਾਉਣਗੇ। ਉਹਨਾਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਬਾਰੇ ਕਿਹਾ ਕਿ ਸੰਧੂ ਸਮੁੰਦਰੀ ਇੱਕ ਕਾਬਲ ਇਨਸਾਨ ਹੈ। ਉਹਨਾਂ ਕਿਹਾ ਕਿ ਸੰਧੂ ਨੇ ਬਤੌਰ ਰਾਜਦੂਤ ਭਾਰਤ ਦੀ ਬਹੁਤ ਸੇਵਾ ਕੀਤੀ ਹੈ ਹੁਣ ਉਹ ਅੰਮ੍ਰਿਤਸਰ ਦੀ ਸੇਵਾ ਕਰਨੀ ਚਾਹੁੰਦੇ ਹਨ। ਹੁਣ ਉਹਨਾਂ ਨੂੰ ਮੌਕਾ ਤੇ ਅਸ਼ੀਰਵਾਦ ਦੇਣਾ ਤੁਹਾਡੇ ਹੱਥ ਵਿੱਚ ਹੈ ਮੇਰਾ ਅਨੁਭਵ ਹੈ ਕਿ ਹਲਕੇ ਦਾ ਐੱਮ ਪੀ ਉਹ ਹੋਣਾ ਚਾਹੀਦਾ ਹੈ ਜਿਸ ਦੀ ਦਿੱਲੀ ਦੇ ਵਿੱਚ ਗੱਲ ਸੁਣੀ ਜਾਵੇ। ਡਾਕਟਰ ਜੈਸ਼ੰਕਰ ਨੇ ਕਿਹਾ ਕਿ ਨਾ ਕੇਵਲ ਦਿੱਲੀ ਸਗੋਂ ਪੂਰੀ ਦੁਨੀਆ ਹੀ ਤਰਨਜੀਤ ਸਿੰਘ ਸੰਧੂ ਉੱਤੇ ਵਿਸ਼ਵਾਸ ਕਰਦੀ ਹੈ। ਉਹਨਾਂ ਕਿਹਾ ਕਿ ਤਰਨਜੀਤ ਸਿੰਘ ਸੰਧੂ ਦੇ ਇੱਕ ਫ਼ੋਨ ਕਾਲ ਨਾਲ ਲੋਕ ਉਸ ਦੇ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇੱਕ ਐਮਪੀ ਨੂੰ ਸਿਸਟਮ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਤਾਂ ਕਿ ਸੰਕਟ ਦੇ ਸਮੇਂ ਉਹ ਉਸ ਸਿਸਟਮ ਤੋਂ ਸਹੀ ਤਰੀਕੇ ਨਾਲ ਕੰਮ ਕਰਵਾ ਸਕਣ। ਉਹਨਾਂ ਕਿਹਾ ਕਿ ਭਾਰਤ ਵਿੱਚ ਹੁਣ ਤੇਜ਼ੀ ਨਾਲ ਪੂੰਜੀ ਨਿਵੇਸ਼ ਹੋ ਰਿਹਾ ਹੈ। ਇਹ ਲੋਕ ਪ੍ਰਤੀਨਿਧ ਦੀ ਕਾਬਲੀਅਤ ਉੱਤੇ ਨਿਰਭਰ ਹੈ ਕਿ ਉਹ ਆਪਣੇ ਖੇਤਰ ਲਈ ਕਿੱਥੋਂ ਔਰ ਕਿੰਨੀ ਪੂੰਜੀ ਨਿਵੇਸ਼ ਕਰਵਾ ਸਕਦੇ ਹਨ ।




ਉਹਨਾਂ ਕਿਹਾ ਕਿ ਮੈਂ ਸੰਧੂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਉਹਨਾਂ ਦੇ ਵਿੱਚ ਕਾਬਲੀਅਤ ਹੈ ਜਿਸ ਨੂੰ ਕੋਈ ਵੀ ਜ਼ਿੰਮੇਵਾਰੀ ਦਿਓ ਉਹ ਬੜੇ ਆਸਾਨੀ ਨਾਲ ਅਤੇ ਦਿਲ ਲਗਾ ਕੇ ਪੂਰਾ ਕਰਦੇ ਹਨ।ਸੰਧੂ ਇੱਥੋਂ ਪ੍ਰਤੀਨਿਧ ਚੁਣਿਆ ਜਾਂਦਾ ਹੈ ਤਾਂ ਦਿੱਲੀ ਵੀ ਤੁਹਾਡੀ ਗੱਲ ਸੁਣੇਗੀ ।ਅੰਮ੍ਰਿਤਸਰ ਦੇ ਵਿੱਚ ਵਿਕਾਸ ਯੋਜਨਾਵਾਂ ਆਉਣਗੀਆਂ ।ਅਜਿਹੇ ਮੌਕੇ ਲਈ ਕਾਬਲ ਪ੍ਰਤੀਨਿਧ ਦਾ ਚੁਣਿਆ ਜਾਣਾ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਭਾਰਤ ਆਪਣੇ ਲੋਕਾਂ ਦੀ ਸੁਰੱਖਿਆ ਲਈ ਵਚਨਬੱਧ ਹੈ ਯੁਕਰੇਨ ਹੋਵੇ ਸੁਡਾਨ ਜਾਂ ਫਿਰ ਇਜ਼ਰਾਈਲ ਜਿੱਥੇ ਵੀ ਕਦੇ ਗੜਬੜ ਹੁੰਦੀ ਹੈ ਭਾਰਤ ਸਰਕਾਰ ਆਪਣੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ। ਉਹਨਾਂ ਕਿਹਾ ਕਿ ਭਾਰਤ ਦੀ ਨੌ ਸੈਨਾ ਆਪਣੇ ਲਈ ਨਹੀਂ ਸਗੋਂ ਦੁਨੀਆ ਦੀ ਵੀ ਸੇਵਾ ਕਰ ਰਹੀ ਹੈ। ਅਰਬੀਆ ਸੀ ਜਾਂ ਰੈਡ ਸੀ ਨੂੰ ਸੁਰੱਖਿਆ ਪ੍ਰਦਾਨ ਕਰ ਰਹੀ ਹੈ ।ਡਾਕਟਰ ਜੈਸ਼ੰਕਰ ਨੇ ਕਿਹਾ ਕਿ ਸਾਡਾ ਲਕਸ਼ ਵਿਕਸਿਤ ਭਾਰਤ ਹੈ ।ਉਹਨਾਂ ਕਿਹਾ ਕਿ ਉਨ੍ਹਾਂ ਚਿਰ ਵਿਕਸਤ ਭਾਰਤ ਨਹੀਂ ਕਿਹਾ ਜਾ ਸਕਦਾ ਜਿੰਨਾ ਚਿਰ ਤੱਕ ਇਸ ਦਾ ਹਰ ਰਾਜ ਹਰ ਸ਼ਹਿਰ ਦੇ ਹਰ ਪਿੰਡ ਵਿਕਸਿਤ ਨਾ ਹੋਵੇ। ਵਿਕਸਤ ਅੰਮ੍ਰਿਤਸਰ ਲਈ ਜ਼ਰੂਰੀ ਹੈ ਕਿ ਇੱਥੋਂ ਦਾ ਐਮਪੀ ਵੀ ਕਾਬਲ ਹੋਵੇ ਜੋ ਅੰਮ੍ਰਿਤਸਰ ਦੇ ਹਿਤ ਦਿੱਲੀ ਤੱਕ ਪਹੁੰਚਾ ਸਕਦਾ ਹੋਵੇ। ਜੋ ਵੀ ਵਿਕਸਿਤ ਭਾਰਤ ਚਾਹੁੰਦਾ ਹੈ ਇੱਕ ਜੂਨ ਨੂੰ ਸੋਚ ਕੇ ਵੋਟ ਤਾਂ ਬਟਨ ਦਬਾਵੇ। ਉਹਨਾਂ ਕਿਹਾ ਕਿ ਮੈਂ ਰਾਜਨੀਤੀ ਵਿੱਚ ਪੰਜ ਸਾਲ ਦਾ ਬੱਚਾ ਹਾਂ ਅੱਜ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਸਿੱਖ ਰਿਹਾ ਹਾਂ ।ਪ੍ਰਧਾਨ ਮੰਤਰੀ ਮੋਦੀ ਦੀ ਲੀਡਰਸ਼ਿਪ 'ਚ ਭਾਰਤ ਅੱਗੇ ਵਧ ਰਿਹਾ ਹੈ ਅਤੇ ਉਹਨਾਂ ਤੇ ਤਜਰਬੇ ਨਾਲ ਭਾਰਤ ਟੋਪ ਦੇ ਦੇਸ਼ਾਂ ਵਿੱਚ ਸ਼ਾਮਿਲ ਹੋ ਚੁੱਕਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤੀਆਂ ਦਾ ਹਿਤ ਸਭ ਤੋਂ ਪਹਿਲਾਂ ਰੱਖਿਆ ਹੈ ਤੇ ਉਹਨਾਂ ਦੀ ਸੁਰੱਖਿਆ ਨੂੰ ਪ੍ਰਮੁੱਖਤਾ ਦਿੱਤੀ ਹੈ। ਉਹਨਾਂ ਤਰਨਜੀਤ ਸਿੰਘ ਸੰਧੂ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਇੱਕ ਕਾਬਲ ਅਤੇ ਤਜਰਬੇਕਾਰ ਵਿਅਕਤੀ ਹਨ ਮੈਂ ਉਹਨਾਂ ਦਾ ਕੰਮ ਦੇਖਿਆ ਹੈ। ਉਹਨਾਂ ਕਿਹਾ ਕਿ ਜਦ ਪ੍ਰਧਾਨ ਮੰਤਰੀ ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਉਹ ਚਾਹੁੰਦੇ ਸਨ ਕਿ ਸਿੱਖਾਂ ਨਾਲ ਨਿਆਂ ਹੋਵੇ, ਕਾਂਗਰਸ ਨੇ ਬਹੁਤ ਸਾਰੇ ਸਿੱਖਾਂ ਦੀ ਬਲੈਕ ਲਿਸਟ ਤਿਆਰ ਕੀਤੀ ਹੋਈ ਸੀ, ਨਰਿੰਦਰ ਮੋਦੀ ਨੇ ਇਸ ਅਨਿਆਂ ਦੇ ਵਿਰੁੱਧ ਬਹੁਤ ਸਾਰੇ ਨਾਮ ਬਲੈਕ ਬਲੈਕ ਲਿਸਟ ਵਿੱਚੋਂ ਹਟਾ ਦਿੱਤਾ, ਇਹ ਸਿਹਰਾ ਤਰਨਜੀਤ ਸਿੰਘ ਸੰਧੂ ਨੂੰ ਜਾਂਦਾ ਹੈ ।